ਚੌਪਈ ਦੇ ਪਾਠਾਂ ਦੀ ਪੂਰੀ ਤਿਆਰੀ

ਸ੍ਰੀ ਭੈਣੀ ਸਾਹਿਬ- 23 ਦਸੰਬਰ 2010 ਤੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਦੇਹ ਅਰੋਗਤਾ ਅਤੇ ਚੜ੍ਹਦੀ ਕਲਾ ਲਈ ਹਫਤਾ ਭਰ ਹੋਣ ਵਾਲੇ ਚੌਪਈ ਦੇ ਪਾਠਾਂ ਦੇ ਤਿਆਰੀ ਮੁਕੰਮਲ ਹੋ ਗਈ ਹੈ। ਜਿਸ ਤਰ੍ਹਾਂ ਵੱਡੀ ਸੋਧ ਮਰਯਾਦਾ ਵਿੱਚ ਪਾਠੀਆਂ ਦੇ ਰਹਿਣ ਵਿਸ਼ਰਾਮ ਕਰਨ, ਪਾਠਾਂ ਦੀਆਂ ਰੌਲਾਂ ਲਾਉਣ ਦੀ ਲੋੜ ਹੈ ਉਸ ਅਨੁਸਾਰ ਪ੍ਰੋਗਰਾਮ ਉਲੀਕ ਲਿਆ ਗਿਆ ਹੈ ਅਤੇ ਤਿਆਰੀ ਹੋ ਚੁੱਕੀ ਹੈ।

ਸਮੂਹ ਸੂਬੇ ਆਪਣੇ ਆਪਣੇ ਇਲਾਕਿਆਂ ਦੇ ਪਾਠੀਆਂ ਦੀ ਸੂਚਨਾ ਸਮੇਂ ਸਿਰ ਭੇਜਣ। ਚੰਗਾ ਹੋਵੇ ਜੇ ਉਹ ਆਪ ਖੁਦ ਲੈ ਕੇ ਪਹੁੰਚਣ ਅਤੇ ਪਾਠਾਂ ਵਿੱਚ ਹਿੱਸਾ ਲੈਣ। ਪਾਠੀ ਸਿੰਘਾਂ ਦੇ 21 ਦਸੰਬਰ ਨੂੰ ਸ੍ਰੀ ਭੈਣੀ ਸਾਹਿਬ (ਜ਼ਿਲਾ ਲੁਧਿਆਣਾ) ਪਹੁੰਚਣ ਦੀ ਉਡੀਕ ਹੈ ਤਾਂ ਕਿ ਜਾਂਦਿਆਂ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਤੇ ਨਮਸਕਾਰ ਕਰਕੇ ਉਹਨਾਂ ਦੀ ਕਿਰਪਾ ਦ੍ਰਿਸ਼ਟੀ ਰਾਹੀਂ ਪਾਠਾਂ ਦਾ ਕਾਰਜ ਆਰੰਭ ਹੋ ਸਕੇ। ਉਂਜ ਤਾਂ ਕਰਨ ਕਾਰਨਹਾਰ ਸੁਆਮੀ ਆਪ ਹੀ ਹੁੰਦਾ ਹੈ ਪਰ ਉਸ ਮਾਣ ਨਿਮਾਣੇ ਸਿੱਖਾਂ ਨੂੰ ਬਖਸ਼ਣਾ ਹੁੰਦਾ ਹੈ। ਸੋ ਪਾਠੀ ਸਿੰਘ ਸੋਧ ਦੇ ਸਿਆਲ ਵਾਲੇ ਬਸਤਰ ਲੈ ਕੇ ਆਉਣ। ਪਾਠਾਂ ਲਈ ਪੋਥੀਆਂ ਉਥੇ ਹੀ ਮਿਲਣਗੀਆਂ ਅਤੇ 22 ਦਸੰਬਰ ਨੂੰ ਲਗ ਮਾਤਰ ਅਨੁਸਾਰ ਜੇ ਕਿਸੇ ਦੇ ਉਚਾਰਨ ਵਿਚ ਫਰਕ ਹੋਇਆ ਤਾਂ ਪਾਠ ਸ਼ੁੱਧ ਕਰਵਾਇਆ ਜਾਏਗਾ।

ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ 'ਚ ਜ਼ਾਕਿਰ ਹੁਸੈਨ ਪੁੱਜਣਗੇ



ਸਤਿਗੁਰੂ ਜਗਜੀਤ ਸਿੰਘ ਜੀ ਤੇ ਸਤਿਗੁਰੂ ਉਦੇ ਸਿੰਘ ਜੀ।

ਲੁਧਿਆਣਾ, 4 ਜਨਵਰੀ (ਜ. ਬ.)- ਗਊ ਗਰੀਬ ਦੇ ਰੱਖਿਅਕ ਸਤਿਗੁਰੂ ਜਗਜੀਤ ਸਿੰਘ ਜੀ ਦੀ ਨਿੱਘੀ ਯਾਦ ਵਿਚ ਨਾਮਧਾਰੀ ਸੰਪਰਦਾਇ ਦੇ ਮੁਖੀ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਛਤਰਛਾਇਆ ਹੇਠ 11 ਜਨਵਰੀ ਦਿਨ ਸ਼ਨੀਵਾਰ ਨੂੰ ਸ੍ਰੀ ਭੈਣੀ ਸਾਹਿਬ ਦੀ ਪਵਿੱਤਰ ਧਰਤੀ 'ਤੇ ਸਮੂਹ ਵਿਸ਼ਵ ਨਾਮਧਾਰੀ ਸੰਗਤ ਵਲੋਂ ਦੂਜਾ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਸ਼ਰਧਾਪੂਰਵਕ ਕਰਵਾਇਆ ਜਾ ਰਿਹਾ ਹੈ।

ਇਸ ਸੰਬੰਧੀ ਜਾਣਕਾਰੀ ਸ੍ਰੀ ਜੈ ਸਿੰਘ ਤੇ ਸੰਤ ਬਲਦੇਵ ਸਿੰਘ ਕਾਕੂ ਨੇ ਦਿੱਤੀ। ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਸੰਤ ਸੁਰਿੰਦਰ ਸਿੰਘ ਨਾਮਧਾਰੀ (ਸੀ. ਮੀਤ ਪ੍ਰਧਾਨ), ਰਾਗੀ ਬਲਵੰਤ ਸਿੰਘ ਤੇ ਪ੍ਰੈੱਸ ਸਕੱਤਰ ਲਖਵੀਰ ਸਿੰਘ ਬੱਦੋਵਾਲ ਨੇ ਦੱਸਿਆ ਕਿ ਸਮਾਗਮ ਸ਼ਾਮ ਨੂੰ 5 ਤੋਂ 8 ਵਜੇ ਤਕ ਸਤਿਗੁਰੂ ਪ੍ਰਤਾਪ ਮੰਦਰ ਵਿਚ ਹੋਵੇਗਾ, ਜਿਸ ਵਿਚ ਵਿਸ਼ਵ ਦੇ ਪ੍ਰਸਿੱਧ ਤਬਲਾਵਾਦਕ ਉਸਤਾਦ ਜ਼ਾਕਿਰ ਹੁਸੈਨ ਉਚੇਚੇ ਤੌਰ 'ਤੇ ਭਾਗ ਲੈਣਗੇ। ਸਮਾਗਮ ਦੀਆਂ ਤਿਆਰੀਆਂ ਜ਼ੋਰਾਂ ਨਾਲ ਚਲ ਰਹੀਆਂ ਹਨ। ਇਸ ਮੌਕੇ ਸੇਵਕ ਕਰਤਾਰ ਸਿੰਘ, ਸੇਵਕ ਸਤਨਾਮ ਸਿੰਘ ਤੇ ਸੇਵਕ ਕੇਸਰ ਸਿੰਘ ਲਾਡੀ ਵੀ ਮੌਜੂਦ ਸਨ।

ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ 'ਚ ਸੰਗੀਤ ਸੰਮੇਲਨ





ਸ੍ਰੀ ਭੈਣੀ ਸਾਹਿਬ ਵਿਖੇ ਕਰਵਾਏ ਸੰਗੀਤ ਸੰਮੇਲਨ ਦੌਰਾਨ ਮੰਚ 'ਤੇ ਬਿਰਾਜਮਾਨ ਸਤਿਗੁਰੂ ਉਦੈ ਸਿੰਘ ਤੇ ਮਾਤਾ ਚੰਦ ਕੌਰ ਅਤੇ (ਸੱਜੇ) ਸੰਗੀਤ ਸੰਮੇਲਨ ਦਾ ਆਨੰਦ ਮਾਣਦੀ ਹੋਈ ਸੰਗਤ।

ਮਾਛੀਵਾੜਾ ਸਾਹਿਬ, 11 ਜਨਵਰੀ (ਟੱਕਰ/ਸਚਦੇਵਾ)- ਨਾਮਧਾਰੀ ਸੰਪ੍ਰਦਾ ਦੇ ਮੁਖੀ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਛਤਰ-ਛਾਇਆ ਹੇਠ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਖੇ ਬ੍ਰਹਮਲੀਨ ਸਤਿਗੁਰੂ ਜਗਜੀਤ ਸਿੰਘ ਜੀ ਦੀ ਨਿੱਘੀ ਯਾਦ ਵਿਚ ਦੂਜਾ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਕਰਵਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਹਿਦਾਇਤ ਖਾਨ ਤੇ ਹਰਪ੍ਰੀਤ ਸਿੰਘ ਨਾਮਧਾਰੀ ਨੇ ਕੀਤੀ। ਇਸ ਸੰਗੀਤ ਸੰਮੇਲਨ ਵਿਚ ਵਿਸ਼ੇਸ਼ ਤੌਰ 'ਤੇ ਪੁੱਜੇ ਪ੍ਰਸਿੱਧ ਤਬਲਾ ਵਾਦਕ ਜ਼ਾਕਿਰ ਹੁਸੈਨ ਦੀ ਸੰਗੀਤਮਈ ਸ਼ਾਮ ਦਾ ਆਨੰਦ ਲੈਣ ਲਈ ਹਜ਼ਾਰਾਂ ਦੀ ਗਿਣਤੀ ਵਿਚ ਸੰਗੀਤ ਪ੍ਰੇਮੀ ਪੁੱਜੇ।

ਭੈਣੀ ਸਾਹਿਬ ਵਿਖੇ ਸੰਗੀਤ ਸੰਮੇਲਨ ਦੌਰਾਨ ਜਿਉਂ ਹੀ ਪ੍ਰਸਿੱਧ ਤਬਲਾਵਾਦਕ ਜ਼ਾਕਿਰ ਹੁਸੈਨ ਮੰਚ 'ਤੇ ਪੁੱਜੇ ਤਾਂ ਤਾੜੀਆਂ ਦੀ ਗੜਗੜਾਹਟ ਨਾਲ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਜ਼ਾਕਿਰ ਹੁਸੈਨ ਨੇ ਸਤਿਗੁਰੂ ਉਦੈ ਸਿੰਘ ਜੀ ਅਤੇ ਮਾਤਾ ਚੰਦ ਕੌਰ ਜੀ ਦੀ ਆਗਿਆ ਲੈ ਕੇ ਸੰਗੀਤ ਸਾਜ਼ ਤਬਲਾ ਵਜਾਉਣਾ ਸ਼ੁਰੂ ਕੀਤਾ ਤਾਂ ਹਾਲ ਵਿਚ ਬੈਠੇ ਦਰਸ਼ਕ ਮੰਤਰ-ਮੁਗਧ ਹੋ ਗਏ। ਉਨ੍ਹਾਂ ਦੇ ਤਬਲਾ ਵਾਦਨ ਤੋਂ ਪੈਦਾ ਹੋ ਰਹੇ ਆਲੌਕਿਕ ਸੰਗੀਤ ਤੋਂ ਦਰਸ਼ਕ ਅਸ਼-ਅਸ਼ ਕਰ ਉਠੇ ਤੇ ਵਾਰ-ਵਾਰ ਤਾੜੀਆਂ ਵਜਾ ਕੇ ਸੰਗੀਤ ਦੀ ਪ੍ਰਸ਼ੰਸਾ ਕਰਦੇ ਸਨ। ਇਸ ਮੌਕੇ ਸਤਿਗੁਰੂ ਉਦੈ ਸਿੰਘ ਜੀ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਹਰ ਸਿੱਖ ਨੂੰ ਅਥਾਹ ਪਿਆਰ ਕਰਦੇ ਸਨ ਪਰ ਖਾਸ ਤੌਰ 'ਤੇ ਸੰਗੀਤਕਾਰਾਂ ਨੂੰ ਜੋ ਪਿਆਰ ਸਤਿਗੁਰੂ ਜੀ ਨੇ ਦਿੱਤਾ, ਉਸ ਨੂੰ ਵਰਨਣ ਕਰਨਾ ਮੁਸ਼ਕਿਲ ਹੈ।

ਇਸ ਮੌਕੇ ਭੈਣੀ ਸਾਹਿਬ ਦਰਬਾਰ ਵਲੋਂ ਜ਼ਾਕਿਰ ਹੁਸੈਨ ਦਾ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਸਵਾਗਤ ਕੀਤਾ ਗਿਆ, ਉਥੇ ਜ਼ਾਕਿਰ ਹੁਸੈਨ ਦੀ ਤਿਆਰ ਕੀਤੀ ਗਈ ਇਕ ਪੇਂਟਿੰਗ ਵੀ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਸੰਗੀਤਮਈ ਸੰਮੇਲਨ ਵਿਚ ਹੋਰਨਾਂ ਤੋਂ ਇਲਾਵਾ ਮਾਤਾ ਗੁਰਸ਼ਰਨ ਕੌਰ, ਸੰਤ ਜਗਤਾਰ ਸਿੰਘ, ਸੰਤ ਬਲਦੇਵ ਸਿੰਘ ਕਾਕੂ, ਰਾਜ ਗਾਇਕ ਹੰਸ ਰਾਜ ਹੰਸ, ਸੁਰਿੰਦਰ ਸਿੰਘ ਨਾਮਧਾਰੀ, ਜੈ ਸਿੰਘ, ਮਾਨਵਜੀਤ ਸਿੰਘ ਗਿੱਲ, ਗੁਰਦੇਵ ਸਿੰਘ ਮੈਂਪਕੋ, ਰਾਗੀ ਬਲਵੰਤ ਸਿੰਘ, ਸੇਵਕ ਕਰਤਾਰ ਸਿੰਘ, ਅਮਰ ਗਿੱਲ, ਕਾਕਾ ਕੰਗ, ਸੁੱਖਾ ਮਠਾੜੂ, ਪ੍ਰੈੱਸ ਸਕੱਤਰ ਲਖਬੀਰ ਸਿੰਘ ਬੱਦੋਵਾਲ ਆਦਿ ਵੀ ਮੌਜੂਦ ਸਨ।

ਸਾਰੀ ਦੁਨੀਆ ਕਹਿੰਦੀ ਏ ! ਵਾਹ ਪੰਜਾਬ : ਜ਼ਾਕਿਰ ਹੁਸੈਨ



ਮਾਛੀਵਾੜਾ ਸਾਹਿਬ, 11 ਜਨਵਰੀ (ਟੱਕਰ/ਸਚਦੇਵਾ)-ਤਬਲੇ ਦੀ ਸ਼ਾਨਦਾਰ ਪ੍ਰਤਿਭਾ ਦਿਖਾਉਣ ਤੋਂ ਬਾਅਦ ਟੈਲੀਵਿਜ਼ਨ 'ਤੇ ਹਮੇਸ਼ਾਂ ਵਾਹ ਤਾਜ਼ ਕਹਿਣ ਵਾਲੇ ਜ਼ਾਕਿਰ ਹੁਸੈਨ ਨੇ ਅੱਜ ਇਹ ਵੀ ਕਿਹਾ ਕਿ ਸਾਰੀ ਦੁਨੀਆਂ ਕਹਿੰਦੀ ਏ ! ਵਾਹ ਪੰਜਾਬ ਕਿਉਂਕਿ ਇਥੋਂ ਦੀ ਮਿੱਟੀ ਦੀ ਖੁਸ਼ਬੂ ਤੇ ਲੋਕਾਂ ਦੀ ਮੁਹੱਬਤ ਸਾਰੀ ਦੁਨੀਆਂ ਤੋਂ ਵਿਲੱਖਣ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਪ੍ਰਸਿੱਧ ਤਬਲਾਵਾਦਕ ਜ਼ਾਕਿਰ ਹੁਸੈਨ ਨੇ ਅੱਜ ਨਾਮਧਾਰੀ ਸੰਪ੍ਰਦਾ ਦੇ ਕੇਂਦਰ ਸ੍ਰੀ ਭੈਣੀ ਸਾਹਿਬ ਵਿਖੇ ਇਕ ਪੱਤਰਕਾਰ ਵਾਰਤਾ ਦੌਰਾਨ ਗੱਲਬਾਤ ਕਰਦਿਆਂ ਕੀਤਾ।

ਸ੍ਰੀ ਜ਼ਾਕਿਰ ਹੁਸੈਨ ਨੇ ਕਿਹਾ ਕਿ ਪੰਜਾਬ ਦੇ ਨਾਲ ਉਨ੍ਹਾਂ ਦਾ ਗੂੜਾ ਰਿਸ਼ਤਾ ਹੈ, ਕਿਉਂਕਿ ਉਨ੍ਹਾਂ ਦਾ ਪਿਛੋਕੜ ਪੰਜਾਬ ਦਾ ਹੈ ਇਸ ਲਈ ਉਨ੍ਹਾਂ ਨੂੰ ਇਥੇ ਆ ਕੇ ਸਕੂਨ ਮਿਲਦਾ ਹੈ। ਸੰਗੀਤ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਧਰਤੀ ਤੇ ਪਾਣੀ ਦੀ ਵੱਖ-ਵੱਖ ਤਰ੍ਹਾਂ ਦੀ ਬਨਸਪਤੀ ਕੁਦਰਤੀ ਹਨ, ਉਸੇ ਤਰ੍ਹਾਂ ਸੰਗੀਤ ਵੀ ਕੁਦਰਤ ਦੀ ਇਕ ਮਹਾਨ ਦੇਣ ਹੈ, ਜੋ ਇਨਸਾਨ ਦੇ ਅੰਦਰੋਂ ਪੈਦਾ ਹੁੰਦੀ ਹੈ। ਸੰਗੀਤ ਸਾਜ਼ ਤਬਲੇ ਦੇ ਭਵਿੱਖ ਬਾਰੇ ਉਨ੍ਹਾਂ ਕਿਹਾ ਕਿ ਬੇਸ਼ੱਕ ਇਸ ਵਿਚ ਰੁਚੀ ਦਿਖਾਉਣ ਵਾਲੇ ਘੱਟ ਹਨ ਪਰ ਤਬਲਾ ਸੰਗੀਤ ਨੂੰ ਸੁਣਨ ਵਾਲੇ ਤੇ ਇਸਨੂੰ ਵਜਾਉਣ ਵਾਲੇ ਪ੍ਰੇਮੀਆਂ ਦੀ ਕੋਈ ਘਾਟ ਨਹੀਂ ਤੇ ਅੱਜ ਤਬਲਾ ਭਾਰਤ ਵਿਚ ਨਹੀਂ ਪੂਰੀ ਦੁਨੀਆਂ ਵਿਚ ਪ੍ਰਸਿੱਧ ਹੈ। ਜ਼ਾਕਿਰ ਹੁਸੈਨ ਨੇ ਕਿਹਾ ਕਿ ਸੰਗੀਤ ਇਕ ਅਜਿਹੀ ਵਿੱਦਿਆ ਹੈ ਜਿਸਦਾ ਗੁਰੂ ਬਣਨ ਦੀ ਬਜਾਏ ਇਸਨੂੰ ਸਾਰੀ ਉਮਰ ਸ਼ਗਿਰਦ ਬਣਕੇ ਸਿੱਖਣ ਦੀ ਲੋੜ ਹੈ, ਕਿਉਂਕਿ ਸੰਗੀਤ ਸਿੱਖਣ ਦੀ ਕੋਈ ਸੀਮਾ ਨਹੀਂ। ਨਾਮਧਾਰੀ ਸੰਪ੍ਰਦਾ ਦੇ ਮੁੱਖ ਕੇਂਦਰ ਸ੍ਰੀ ਭੈਣੀ ਸਾਹਿਬ ਆਉਣ 'ਤੇ ਉਨ੍ਹਾਂ ਕਿਹਾ ਕਿ ਸ੍ਰੀ ਭੈਣੀ ਸਾਹਿਬ ਸੰਗੀਤ ਦਾ ਮੰਦਿਰ ਹੈ, ਕਿਉਂਕਿ ਇਸ ਪਵਿੱਤਰ ਸਥਾਨ 'ਤੇ ਹਮੇਸ਼ਾਂ ਸੰਗੀਤ ਦੇ ਵੱਖ-ਵੱਖ ਸਮਾਗਮ ਹੁੰਦੇ ਰਹਿੰਦੇ ਹਨ ਤੇ ਸਤਿਗੁਰੂ ਜਗਜੀਤ ਸਿੰਘ ਜੀ, ਜੋ ਕਿ ਮੇਰੇ ਪਿਤਾ ਹਨ, ਉਨ੍ਹਾਂ ਦਾ ਸੰਗੀਤ ਨਾਲ ਅਥਾਹ ਪ੍ਰੇਮ ਸਦਕਾ ਉਨ੍ਹਾਂ ਦਾ ਨਾਮਧਾਰੀ ਸੰਪ੍ਰਦਾ ਨਾਲ ਰੂਹਾਨੀ ਰਿਸ਼ਤਾ ਹੈ। ਸ੍ਰੀ ਜ਼ਾਕਿਰ ਹੁਸੈਨ ਨੇ ਕਿਹਾ ਕਿ ਪੰਜਾਬ ਮੇਰਾ ਘਰ ਹੈ ਤੇ ਇੱਥੇ ਆ ਕੇ ਮੈਨੂੰ ਓਪਰਾ ਮਹਿਸੂਸ ਨਹੀਂ ਹੁੰਦਾ।

सतिगुरु जगजीत सिंह संगीत सम्मेलन का प्रसारण 29 को डीडी पंजाबी पर होगा।

(गरेवाल)|लुधियाना



28-11-2013 (गरेवाल) बिअन्त पातशाह श्री सतिगुरु जगजीत सिंह जी के 94वें प्रकाश पुरब पर श्री भैणी साहिब में 16 व 17 नवम्बर को श्री सतिगुरु उदय सिंह की अगवाई में करवाये जगजीत सिंह संगीत सम्मेलन का प्रसारण 29 नवम्बर दिन शुक्रवार को दूरदर्शन के डीडी पंजाबी पर रणकां प्रोग्राम में रात 9:15 से 9:30 के मध्य में प्रसारित किया जायेगा। इसकी जानकारी रागी बलवंत सिंह व प्रैस सचिव लखवीर सिंह बद्दोवाल ने दी। इस अवसर पर गुरचरण सिंह गोहली व गुरदेव सिंह मैपको भी उपस्थित थे।

ਨੌਜਵਾਨਾਂ ਨੂੰ ਨਸ਼ੇ ਛੁਡਵਾ ਕੇ ਨਾਮ ਬਾਣੀ ਨਾਲ ਜੋੜਨਾ ਵੱਡਾ ਉਪਰਾਲਾ : ਮਾਤਾ ਚੰਦ ਕੌਰ

ਲੁਧਿਆਣਾ, 7 ਜਨਵਰੀ (ਜ. ਬ.)—ਨੌਜਵਾਨਾਂ 'ਚ ਵਧ ਰਹੀ ਨਸ਼ਿਆਂ ਦੀ ਲਤ ਕਾਰਨ ਅਨੇਕਾਂ ਪਰਿਵਾਰ ਉੱਜੜ ਰਹੇ ਹਨ। ਨੌਜਵਾਨਾਂ ਨੂੰ ਨਸ਼ੇ ਛੁਡਵਾ ਕੇ ਨਾਮ ਬਾਣੀ ਨਾਲ ਜੋੜਨਾ ਵੱਡਾ ਉਪਰਾਲਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੂਜਨੀਕ ਮਾਤਾ ਚੰਦ ਕੌਰ ਜੀ ਨੇ ਸਸਰਾਲੀ ਕਾਲੋਨੀ ਵਿਖੇ ਨਾਮਧਾਰੀ ਸੰਪਰਦਾਇ ਦੇ ਮੁਖੀ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਬਖਸ਼ਿਸ਼ ਸਦਕਾ ਚੱਲ ਰਹੇ ਨਾਮ ਸਿਮਰਨ ਵਰਨੀ, ਸ੍ਰੀ ਅਖੰਡ ਪਾਠਾਂ ਦੀ ਲੜੀ ਤੇ ਨਸ਼ਾ ਛੁਡਾਊ ਕੈਂਪ ਦਾ ਦੌਰਾ ਕਰਨ ਉਪਰੰਤ ਕੀਤਾ। ਨਸ਼ਾ ਛੁਡਾਊ ਕੈਂਪ ਵਿਚ ਜਿਥੇ ਸੈਂਕੜੇ ਨੌਜਵਾਨ ਭਾਗ ਲੈ ਰਹੇ ਹਨ, ਉਥੇ ਹੀ 333 ਨੌਜਵਾਨਾਂ ਵਲੋਂ 51 ਨਿਰੰਤਰ ਨਾਮ ਸਿਮਰਨ ਵਰਨੀਆਂ 2 ਸ੍ਰੀ ਅਖੰਡ ਪਾਠਾਂ ਦੀ ਲੜੀ 26 ਦਸੰਬਰ ਤੋਂ ਚੱਲ ਰਹੀ ਹੈ, ਜਿਸ ਦੀ ਸਮਾਪਤੀ 12 ਜਨਵਰੀ ਨੂੰ ਹੋਵੇਗੀ। ਮਾਤਾ ਜੀ ਦਾ ਸਸਰਾਲੀ ਕਾਲੋਨੀ ਪੁੱਜਣ 'ਤੇ ਸੰਤ ਸਤਨਾਮ ਸਿੰਘ ਦੀ ਅਗਵਾਈ ਵਿਚ ਇਲਾਕਾ ਨਿਵਾਸੀਆਂ ਨੇ ਗਰਮਜੋਸ਼ੀ ਨਾਲ ਸਵਾਗਤ ਕੀਤਾ। ਮਾਤਾ ਜੀ ਨਾਲ ਸ਼੍ਰੀ ਜੈ ਸਿੰਘ, ਬੀਬੀ ਪ੍ਰੀਤਮ ਕੌਰ, ਮਾਨਵਜੀਤ ਸਿੰਘ ਗਿੱਲ ਤੇ ਜੈ ਕੌਰ ਉਚੇਚੇ ਤੌਰ 'ਤੇ ਪੁੱਜੇ ਸਰਪੰਚ ਕਰਮ ਸਿੰਘ, ਲਛਕਰ ਸਿੰਘ ਤੇ ਹਰਨੇਕ ਸਿੰਘ ਨੇ ਦੱਸਿਆ ਕਿ ਸਮਾਪਤੀ ਸਮਾਗਮ ਵਿਚ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਰਸ਼ਨ ਦੇਣਗੇ। ਇਸ ਮੌਕੇ ਲਹਿੰਬਰ ਸਿੰਘ, ਮੋਹਨ ਸਿੰਘ, ਨਾਹਰ ਸਿੰਘ, ਸਾਧੂ ਸਿੰਘ ਚੱਕੀ ਵਾਲੇ, ਗੁਰਪ੍ਰੀਤ ਯੂ. ਕੇ., ਸੇਵਕ ਕੇਸਰ ਸਿੰਘ ਲਾਡੀ, ਦਰਸ਼ਨ ਸਿੰਘ ਲਾਂਗਰੀ, ਸ਼ੇਰ ਸਿੰਘ, ਅਮਰੀਕ ਕੈਨੇਡਾ, ਸੁਰਿੰਦਰ ਸਿੰਘ, ਬਲਵਿੰਦਰ ਸਿੰਘ, ਗੁਰਤੇਜ ਗਰੇਵਾਲ ਤੇ ਪ੍ਰੈੱਸ ਸਕੱਤਰ ਲਖਵੀਰ ਬੱਦੋਵਾਲ ਵੀ ਹਾਜ਼ਰ ਸਨ।



ਸਸਰਾਲੀ ਕਾਲੋਨੀ ਵਿਖੇ ਚੱਲ ਰਹੇ ਕੈਂਪ ਦੌਰਾਨ ਮਾਤਾ ਚੰਦ ਕੌਰ ਜੀ ਦਰਸ਼ਨ ਦਿੰਦੇ ਹੋਏ, ਨਾਲ ਸੰਤ ਸਤਨਾਮ ਸਿੰਘ ਤੇ ਕਰਮ ਸਿੰਘ ਨਜ਼ਰ ਆ ਰਹੇ ਹਨ।

MAESTRO TAKES CENTRESTAGE



Tabla player Zakir Hussain performing during the second Satguru Jagjit Singh Sangeet Sammelan at Bhani Sahib near Ludhiana on Saturday night. REPORT ON P3 SIKANDER SINGH CHOPRA/HT

I
fi
V
KI
in
HT C
ludhi
LUDH
elect
ferec
strir
with
over
Sun
T
fied
whi
bur

DAILY life

CHANDIGARH/NEW DELHI,
MONDAY, 13 JANUARY 2014



The HOMECOMING

TABLA MAESTRO **USTAAD ZAKIR HUSSAIN**, WHO WAS IN LUDHIANA ON SATURDAY EVENING, SAYS THE LAND OF FIVE RIVERS HAS CONTRIBUTED IN MAKING HIM WHAT HE IS

PRIYANKA **MICHELLE DAS**

Just to observe the world's greatest tabla player, is an experience in itself...

Clad in a white *kurta* and seated on the floor, Ustad Zakir Hussain calmly taps a tabla into tune with a silver hammer. He is certainly not oblivious to the ongoing conversation as he humours those surrounding him in the green room, before he goes on to stage to perform at Shri Bhaini Sahib near Ludhiana.

Sounds from the tabla that he is tuning, set off a flurry of activity across his visage. There are sounds that he does not approve of and some that instantly gain his approval... and before long, he is done and open to questions. His answers are elaborate. He does not seem in a hurry.

The Ustad is engulfed in nostalgia of Punjab and how he feels at home when he comes here. Though it has been long since the tabla player came to Punjab, he says this land contributes significantly to what he is today.

"It is the land of my forefathers. When I come here, it feels like I have come home. When you've been out for too long and when you come home your parents hold both your hands, it is that feeling," he says animatedly. "This is the land where music is born, nurtured and loved."

Not just Punjab. Everything that has crossed him, has left a deep influence on him. "My father is my Guru. He gave me the tools to take me forward, but it was up to me to get those tools to work for me. I have learnt from everyone I have played with," he says.

And he has taken lessons from everybody he's played with.

"I have learnt when I have played [illegible] when I have played with big names in music. Their eyes have told me whenever I have slipped. Their eyes have told me whenever I have done okay and whenever I have left that room for improvement. I cannot look inside me but they can. That is how we grow," he says.

Another very important lesson in learning came from his father. "He told me to remember one thing: Never try to be the guru; try to be a good student, because you learn everyday from everything. Once you feel that you have learnt everything you have to, you should put a lock on everything and retire," he says.

Ustad Zakir Hussain has not only excelled in his field but has also tried acting and was also part of a band called Shakti that was disbanded and then brought together again as Remembering Shakti where he partnered with the legendary musician John McLaughlin.

"It was important to take a break from the band. When you spend 24 hours with someone, you tend to become predictable and that takes away the spark from the equation that you have with people," he explains when asked why Shakti disbanded.

Say tabla and Ustaad tells you how even an instrument can be unpredictable. "It has a spirit of its own and that spirit brings out what is best in the artiste and the instrument.

"The instrument to be used depends on the music that is popular around that time. When musicians decide what instrument should be included in a piece, he or she also sees if it conveys the sentiment and the spirit of the piece. The tabla is an instrument of choice and as long as it plays a good accompaniment to music, it will last," he says.

It is time for the man to take to the stage and perform. He picks up his [illegible]

ਮੰਡਲ ਚੌਂਤਾ ਦਾ ਸਤਿਗੁਰੂ ਉਦੇ ਸਿੰਘ ਜੀ ਨੇ ਕੀਤਾ ਦੌਰਾ

ਲੁਧਿਆਣਾ, 13 ਜਨਵਰੀ (ਜ.ਬ.)- ਸਤਲੁਜ ਦੇ ਕੰਢੇ 'ਤੇ ਵਸਿਆ ਪਹਿਲਵਾਨਾਂ ਦਾ ਨਗਰ ਮੰਡ ਚੌਂਤਾ ਵਿਖੇ ਅੱਜ ਸਤਿਗੁਰੂ ਉਦੇ ਸਿੰਘ ਜੀ ਨੇ ਦਰਸ਼ਨ ਦਿੱਤੇ। ਪਹਿਲਵਾਨ ਸੂਬਾ ਮੋਹਕਮ ਸਿੰਘ, ਪਹਿਲਵਾਨ ਹਰਪਾਲ ਸਿੰਘ ਤੇ ਭਲਵਾਨ ਪੂਰਨ ਸਿੰਘ ਦੀ ਅਗਵਾਈ ਵਿਚ ਸਮੂਹ ਨਗਰ ਨਿਵਾਸਆਂ ਨੇ ਸਤਿਗੁਰੂ ਜੀ ਦਾ ਸਵਾਗਤ ਕੀਤਾ। ਇਸ ਮੌਕੇ ਸਤਿਗੁਰੂ ਉਦੇ ਸਿੰਘ ਜੀ ਨੇ ਭਲਵਾਨਾਂ ਨੂੰ ਸਿੱਖੀ ਸਰੂਪ ਵਿਚ ਖੇਡਣ ਲਈ ਆਖਿਆ। ਇਸ ਮੌਕੇ 'ਤੇ ਮਾਤਾ ਗੁਰਸ਼ਰਨ ਕੌਰ ਜੀ ਨੇ ਬੀਬੀਆਂ ਨੂੰ ਆਪਣੇ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਗੁਰਸਿੱਖ ਇਤਿਹਾਸ ਦੀ ਜਾਣਕਾਰੀ ਦੇਣ ਲਈ ਵੀ ਆਖਿਆ। ਇਸ ਮੌਕੇ ਸੇਵਕ ਹਰਪਾਲ ਸਿੰਘ, ਰਣਜੀਤ ਸਿੰਘ ਸੰਧੂ, ਦਿਲਬਾਗ ਸਿੰਘ ਰੰਧਾਵਾ, ਪ੍ਰਗਟ ਦਿਓਲ, ਬਲਦੇਵ ਗਿੱਲ, ਵਰਿਆਮ ਬਿੜਰ, ਸੁੱਖਾ ਮਠਾੜੂ, ਸੰਤਾ ਮਠਾੜੂ ਤੇ ਸੂਰਤਪਾਲ ਔਲਖ ਵੀ ਮੌਜੂਦ ਸਨ।



ਮੰਡ ਚੌਂਤਾ ਵਿਖੇ ਸਤਿਗੁਰੂ ਉਦੇ ਸਿੰਘ ਜੀ ਪਾਸੋਂ ਬਖਸ਼ਿਸ਼ ਮੰਗਦਾ ਭਲਵਾਨ ਹਰਪਾਲ ਬਾਠ ਦਾ ਪਰਿਵਾਰ।

ਸਤਿਗੁਰੂ ਕਿਰਪਾ ਕਰਨ ਸਾਨੂੰ ਨਾਮ ਬਾਣੀ ਪੜ੍ਹਦਿਆਂ ਹੰਕਾਰ ਨਾ ਆਵੈ : ਸਤਿਗੁਰੂ ਉਦੇ ਸਿੰਘ

ਜਪ ਪ੍ਰਯੋਗ ਦੀ ਸੰਪੰਨਤਾ ਮੌਕੇ ਸੈਂਕੜੇ ਨੌਜਵਾਨਾਂ ਨੇ ਨਸ਼ੇ ਛੱਡਣ ਦਾ ਲਿਆ ਸੰਕਲਪ



ਨਾਮ ਸਿਮਰਨ ਜਪ ਪ੍ਰੋਗਰਾਮ ਦੌਰਾਨ ਸੰਤ ਗੁਰ ਉਦੇ ਸਿੰਘ ਜੀ ਪ੍ਰਵਚਨ ਕਰਦੇ ਤੇ ਹਾਜ਼ਰ ਸੰਗਤਾਂ।

ਲੁਧਿਆਣਾ, 13 ਜਨਵਰੀ (ਜ.ਬ)- ਸਸਰਾਲੀ ਕਾਲੋਨੀ ਵਿਖੇ ਪਿਛਲੇ 17 ਦਿਨ ਤੋਂ ਚੱਲ ਰਹੇ 10ਵੇਂ ਨਾਮ ਸਿਮਰਨ ਜਪ ਪ੍ਰਯੋਗ ਦਾ ਸਮਾਪਤੀ ਸਮਾਗਮ ਨਾਮਧਾਰੀ ਸੰਪਰਦਾਇ ਦੇ ਮੁਖੀ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਛਤਰ-ਛਾਇਆ ਹੇਠ ਹੋਇਆ। ਆਸਾ ਜੀ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਬਲਵੰਤ ਸਿੰਘ ਤੇ ਹਰਪ੍ਰੀਤ ਸਿੰਘ ਸੋਨੂੰ ਦੇ ਜਥੇ ਨੇ ਕੀਤਾ। ਇਸ ਮੌਕੇ ਸੰਗਤਾਂ ਨੂੰ ਪਵਿੱਤਰ ਉਪਦੇਸ਼ ਦਿੰਦਿਆਂ ਸਤਿਗੁਰੂ ਉਦੇ ਸਿੰਘ ਜੀ ਨੇ ਆਖਿਆ ਕਿ ਅੱਜ ਦੇ ਪਦਾਰਥਵਾਦੀ ਯੁੱਗ ਵਿਚ ਇਨਸਾਨ ਦਾ ਨਾਮ ਸਿਮਰਨ ਕਰਨ ਨੂੰ ਮਨ ਨਹੀਂ ਕਰਦਾ, ਸਤਿਗੁਰੂ ਜੀ ਬਖਸ਼ਿਸ਼ ਕਰਨ ਅਸੀਂ ਵੱਧ ਤੋਂ ਵੱਧ ਨਾਮ ਸਿਮਰਨ ਕਰੀਏ ਤੇ ਨਾਮ ਸਿਮਰਨ ਕਰਦਿਆਂ ਸਾਡੇ ਅੰਦਰ ਕਦੇ ਹੰਕਾਰ ਨਾ ਆਵੇ। ਸਤਿਗੁਰੂ ਜਗਜੀਤ ਸਿੰਘ ਜੀ ਹਰ ਵੇਲੇ ਸਾਡੇ ਨਾਲ ਹਨ ਤੇ ਸਾਨੂੰ ਨਾਮ ਜਪਣ ਦਾ ਬਲ ਬਖਸ਼ਣ, 'ਸਤਿਗੁਰੂ ਮੇਰਾ ਪਿਆਰਾ ਨਾਲ ਹੈ ਜਿਥੇ ਕਿਤੇ ਮੈਨੂੰ ਲਿਆ ਛਡਾਇ ॥" ਇਸ ਜਪ ਪ੍ਰਯੋਗ ਵਿਚ ਜਿਥੇ 333 ਨੌਜਵਾਨਾਂ ਨੇ 17 ਦਿਨ ਨਾਮ ਸਿਮਰਨ ਕੀਤਾ, ਉਥੇ ਸੈਂਕੜੇ ਨੌਜਵਾਨਾਂ ਨੇ ਨਸ਼ੇ ਛੱਡਣ ਦਾ ਸੰਕਲਪ ਕੀਤਾ। ਮੇਲੇ ਦੀ ਸੇਵਾ ਸੰਤ ਸਤਨਾਮ ਸਿੰਘ ਸਸਰਾਲੀ ਕਾਲੋਨੀ ਵਾਲਿਆਂ ਨੇ ਕੀਤੀ।

ਸਤਿਗੁਰੂ ਜੀ ਨਾਲ ਮਾਤਾ ਗੁਰਸ਼ਰਨ ਕੌਰ, ਸੰਤ ਬਲਦੇਵ ਸਿੰਘ ਕਾਕੂ, ਪ੍ਰਧਾਨ ਐੱਚ. ਐੱਸ. ਹੰਸਪਾਲ, ਸੰਤ ਸੁਰਿੰਦਰ ਸਿੰਘ ਨਾਮਧਾਰੀ ਤੇ ਸੇਵਕ ਕਰਤਾਰ ਸਿੰਘ ਵੀ ਉਚੇਚੇ ਤੌਰ 'ਤੇ ਪੁੱਜੇ। ਵਿਸ਼ਵ ਸ਼ਾਂਤੀ ਦੀ ਅਰਦਾਸ ਸੂਬਾ ਬਲਵਿੰਦਰ ਝੱਲ ਨੇ ਕੀਤੀ। ਇਸ ਮੌਕੇ ਸੇਵਕ ਸਤਨਾਮ ਸਿੰਘ, ਸੂਬਾ ਹਰਭਜਨ ਸਿੰਘ, ਨਰਿੰਦਰਜੀਤ ਸਿੰਘ ਲਾਇਲ, ਜੱਜ ਧਰਮ ਸਿੰਘ, ਕਸ਼ਮੀਰ ਭਿੰਡਰ, ਗੁਰਮੁਖ ਸਿੰਘ ਰਹਿਬਰ, ਗੁਰਚਰਨ ਕੋਹਲੀ, ਕੌਂਸਲਰ ਚੰਚਲ ਸਿੰਘ, ਅਮਰ ਗਿੱਲ, ਕਾਕਾ ਕੰਗ, ਜੱਗੀ ਸਿਬੀਆ, ਸਰਪੰਚ ਕਰਮ ਸਿੰਘ, ਇਸ. ਮਨਦੀਪ ਸਿੰਘ ਤੇ ਪ੍ਰੈੱਸ ਸਕੱਤਰ ਲਖਵੀਰ ਬੱਦੋਵਾਲ ਵੀ ਹਾਜ਼ਰ ਸਨ।

ਸਤਿਗੁਰੂ ਪ੍ਰਤਾਪ ਸਿੰਘ ਅਪੋਲੋ ਹਸਪਤਾਲ ਵਿਖੇ ਸਨਮਾਨ ਸਮਾਰੋਹ ਹੋਇਆ





ਅਪੋਲੋ ਹਸਪਤਾਲ ਦੇ ਐੱਮ. ਡੀ. ਜਗਦੀਪ ਸਿੰਘ ਮਿਹਨਤੀ ਸਟਾਫ ਨੂੰ ਸਨਮਾਨਤ ਕਰਦੇ ਹੋਏ ਤੇ ਹਾਜ਼ਰ ਸਟਾਫ।

ਲੁਧਿਆਣਾ, 1 ਜਨਵਰੀ (ਜ. ਬ.)—ਗਊ ਗਰੀਬ ਦੇ ਰੱਖਿਅਕ ਸਤਿਗੁਰੂ ਜਗਜੀਤ ਸਿੰਘ ਜੀ ਦੀ ਰਹਿਮਤ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਅਪਾਰ ਬਖਸ਼ਿਸ਼ ਸਦਕਾ ਜਿਥੇ ਬੀਜਾਂ ਦੀ ਕੌਮਾਂਤਰੀ ਮੰਡੀ 'ਚ ਨਾਮਧਾਰੀ ਸੀਡਜ਼ ਨੇ ਹਾਈ ਬ੍ਰਿਡ ਬੀਜਾਂ ਰਾਹੀਂ ਭਾਰਤ ਦਾ ਨਾਂ ਰੌਸ਼ਨ ਕੀਤਾ ਉਥੇ ਸਿਹਤ ਦੇ ਖੇਤਰ 'ਚ ਉੱਤਰੀ ਭਾਰਤ ਦੇ ਪਹਿਲੇ ਜੇ.ਸੀ.ਆਈ. ਤੋਂ ਮਾਨਤਾ ਪ੍ਰਾਪਤ ਮਹਾਨਗਰ ਦੇ ਪ੍ਰਸਿੱਧ ਸਤਿਗੁਰੂ ਪ੍ਰਤਾਪ ਸਿੰਘ ਅਪੋਲੋ ਹਸਪਤਾਲ ਨੇ ਵੱਡੀਆਂ ਮੱਲਾਂ ਮਾਰੀਆਂ ਹਨ। ਨਵੇਂ ਵਰ੍ਹੇ ਦੇ ਮੌਕੇ 'ਤੇ ਸਮੂਹ ਹਸਪਤਾਲ ਸਟਾਫ ਵਲੋਂ ਸਮਾਗਮ ਕਰਵਾਇਆ ਗਿਆ ਜਿਸ ਦਾ ਉਦਘਾਟਨ ਐੱਮ. ਡੀ. ਜਗਦੀਪ ਸਿੰਘ ਨੇ ਕੀਤਾ। ਉਨ੍ਹਾਂ ਆਖਿਆ ਕਿ ਸਾਡੇ ਸਮੂਹ ਸਟਾਫ ਦੀ ਮਿਹਨਤ ਤੇ ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਅੱਜ ਅਸੀਂ ਭਾਰਤ ਦੇ 10 ਨਾਮੀ ਹਸਪਤਾਲਾਂ ਦੀ ਸੂਚੀ 'ਚ ਹਾਂ। ਅਸੀਂ ਹੋਰ ਸਖਤ ਮਿਹਨਤ ਨਾਲ ਨੰਬਰ ਇਕ ਦੀ ਪੁਜ਼ੀਸ਼ਨ ਹਾਸਲ ਕਰਨੀ ਹੈ। ਇਸ ਮੌਕੇ ਵਧੀਆ ਕਾਰਗੁਜ਼ਾਰੀ ਵਾਲੇ ਸਟਾਫ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ ਤੇ ਲੱਕੀ ਡਰਾਅ ਰਾਹੀਂ ਵੀ ਇਨਾਮ ਕੱਢੇ ਗਏ। ਇਸ ਮੌਕੇ ਕਰਨਲ ਐੱਚ. ਐੱਸ. ਚੀਮਾ ਨੇ ਅਰਦਾਸ ਕੀਤੀ। ਇਸ ਮੌਕੇ ਡਾ. ਜੀ. ਐੱਲ. ਅਵਸਥੀ, ਡਾ. ਡਿਨੇਸ਼ ਹਾਂਡਾ, ਡਾ. ਪ੍ਰਫੁਲ ਆਰੀਆ, ਚਾਂਦਨੀਤ ਬਿੰਦਰਾ, ਜੀ. ਐੱਮ. ਅਭੈਜੀਤ ਸਿੰਘ, ਡਾ. ਗੌਰਵ, ਡਾ. ਵਿਕਾਸ ਬਾਸਲ, ਡਾ. ਭਾਟੀਆ, ਡਾ. ਗੌਤਮ ਅਗਰਵਾਲ, ਐੱਸ. ਪੀ. ਸਿੰਘ, ਕਰਨਲ ਨੀਰਾ, ਸੁਨੀਤਾ ਧੀਮਾਨ, ਰਵਿੰਦਰ ਸਿੰਘ ਰਵੀ, ਦਿਲਖੁਸ਼ਹਾਲ, ਅਜਮੇਰ ਸਿੰਘ, ਰਣਵੀਰ ਰਾਏ, ਕੁਲਦੀਪ ਸਿੰਘ, ਕਨਿਕਾ ਤੇ ਪ੍ਰੈੱਸ ਸਕੱਤਰ ਲਖਵੀਰ ਬੱਦੋਵਾਲ ਵੀ ਮੌਜੂਦ ਸਨ।

सतगुरु राम सिंह जी के उपकार अविस्मरणीय : सतगुरु उदय सिंह जी

▸ श्री भैणी साहिब में करवाया गया राज्य स्तरीय कार्यक्रम, देश-विदेश से संगत हुई नतमस्तक




श्री भैणी साहिब में आयोजित सतगुरु राम सिंह के जन्म दिवस के मौके पर आयोजित राज्य स्तरीय समारोह में संगत को संबोधित करते विधानसभा स्पीकर चरणजीत सिंह अटवाल व मंच पर सुशोभित सतगुरु उदय सिंह जी तथा (दाएं) अरदास करते सतगुरु उदय सिंह जी व अन्य। (रमेश)





(रमेश)

समारोह के दौरान 'दैनिक सवेरा' में प्रकाशित परिशिष्ट को देखते सतगुरु उदय सिंह जी तथा (दाएं) समारोह में उपस्थित संगत।

'ਸਵਾ ਰੁਪਏ 'ਚ ਆਨੰਦ ਕਾਰਜ' ਮਰਿਆਦਾ ਤਹਿਤ ਹੋਏ ਸਮੂਹਿਕ ਵਿਆਹ

ਲੁਧਿਆਣਾ, 5 ਫਰਵਰੀ (ਜ. ਬ.)- ਜੰਗ-ਏ-ਅਜ਼ਾਦੀ ਦੇ ਮੋਢੀ, ਨਾਮਿਲਵਰਤਨ ਲਹਿਰ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਬਸੰਤ ਪੰਚਮੀ 'ਤੇ ਸ੍ਰੀ ਭੈਣੀ ਸਾਹਿਬ ਵਿਖੇ ਨਾਮਧਾਰੀ ਸੰਪਰਦਾਇ ਦੇ ਮੁਖੀ ਸਤਿਗੁਰੂ ਉਦੇ ਸਿੰਘ ਜੀ ਦੀ ਅਗਵਾਈ ਹੇਠ ਹੋਏ 2 ਦਿਨਾ ਸਮਾਗਮ ਦੇ ਸਮਾਪਤੀ ਸਮਾਰੋਹ ਦੌਰਾਨ ਜਿਥੇ ਵਿਸ਼ਵ ਸ਼ਾਂਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 20 ਸਹਿਜ ਪਾਠਾਂ ਦੇ ਭੋਗ ਪਾਏ, ਉਥੇ ਬਿਨਾਂ ਦਾਜ 7 ਸਮੂਹਿਕ ਆਨੰਦ ਕਾਰਜ ਵੀ ਹੋਏ।

ਪ੍ਰੈੱਸ ਸਕੱਤਰ ਲਖਵੀਰ ਸਿੰਘ ਬੱਦੋਵਾਲ ਨੇ ਦੱਸਿਆ ਕਿ ਸਤਿਗੁਰੂ ਰਾਮ ਸਿੰਘ ਜੀ ਵਲੋਂ ਚਲਾਈ 'ਸਵਾ ਰੁਪਏ 'ਚ ਆਨੰਦ ਕਾਰਜ' ਮਰਿਆਦਾ ਅੱਜ ਵੀ ਸ੍ਰੀ ਭੈਣੀ ਸਾਹਿਬ ਵਿਖੇ ਚਲ ਰਹੀ ਹੈ।

ਵਿਆਹ ਵਾਲੇ ਲੜਕੇ-ਲੜਕੀਆਂ ਦੇ ਸਫੈਦ ਵਸਤਰ ਪਹਿਨੇ ਹੁੰਦੇ ਹਨ ਅਤੇ ਕਿਸੇ ਨੂੰ ਕਿਸੇ ਕਿਸਮ ਦੇ ਗਹਿਣੇ ਪਹਿਨਣ ਤੇ ਮੇਕਅਪ ਕਰਨ 'ਤੇ ਪੂਰਨ ਪਾਬੰਦੀ ਹੁੰਦੀ ਹੈ ਤਾਂ ਜੋ ਕਿਸੇ ਦੇ ਮਨ 'ਚ ਉਚ-ਨੀਚ ਦਾ ਫਰਕ ਨਾ ਆਵੇ। ਅੱਜ ਹੋਏ 7 ਸਮੂਹਿਕ ਵਿਆਹਾਂ ਵਿਚ ਹੀ ਨਾਮਧਾਰੀ ਸੰਪ੍ਰਦਾਇ ਦੇ ਮੁਖੀ ਸਤਿਗੁਰੂ ਉਦੈ ਸਿੰਘ ਜੀ ਦੀ ਸਪੁੱਤਰੀ ਉੱਜਲ ਕੌਰ ਦਾ ਵਿਆਹ ਦਿੱਲੀ ਦੇ ਗਿਆਨ ਸਿੰਘ ਨਾਲ ਹੋਇਆ।

ਵਿਆਹ ਤੋਂ ਬਾਅਦ ਨਾਮਧਾਰੀਆਂ ਨੂੰ ਕਿਸੇ ਵੀ ਕਿਸਮ ਦੀਆਂ ਫਾਲਤੂ ਰਸਮਾਂ ਤੇ ਪਾਰਟੀ 'ਤੇ ਪਾਬੰਦੀ ਹੈ ਤਾਂ ਜੋ ਲੜਕੀ ਦੇ ਪਰਿਵਾਰ ਨੂੰ ਲੜਕੀ ਬੋਝ ਨਾ ਲੱਗੇ। ਵਿਸ਼ਵ ਸ਼ਾਂਤੀ ਦੀ ਅਰਦਾਸ ਸੂਬਾ ਬਲਵਿੰਦਰ ਸਿੰਘ ਨੇ ਕੀਤੀ।





ਸਮਾਪਤੀ ਦੌਰਾਨ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ 'ਚ ਰਾਗੀ ਸਿੰਘ ਕੀਰਤਨ ਕਰਦੇ ਹੋਏ ਤੇ (ਹੇਠਾਂ) ਸਮੂਹਿਕ ਆਨੰਦ ਕਾਰਜਾਂ ਦਾ ਦ੍ਰਿਸ਼।

Tabla maestro weaves magic at Bhaini Sahib

INNA ZUTSHI
IBUNE NEWS SERVICE

HAINI SAHIB, JANUARY 12
s the Saturday evening escended on Bhaini Sahib, ne seat of the Namdhari ect, strains of classical nusic wafted through the old January air. The audince, seated deferentially on nce, seated deferentially on he floor, had assembled for he second Satguru Jagjit Singh Sangeet Sammelan hat had brought noted percussionist Ustad Zakir Hussain to Bhaini Sahib after more than 14 years.

The evening had, as a warm-up, Hidayat Hussain Khan's sitar recital plumbing the depths of 'birhah' (separation), 'prem' (love) and 'vairagya' (renunciation). Unlike the high-strung music that blares past the audience, Hussain's sitar recital accompanied by Harpreet Singh Namdhari on 'tabla' had a soothing note to it.

As the evening progressed, the audience's eagerness to listen to Punjab Gharana tabla maestro Ustad Zakir Hussain was palpable. The audience watched with rapt attention as Hussain's profile was



Ustad Zakir Hussain in Bhaini Sahib. PHOTO: INDERJEET VERMA

read out: "A child prodigy whose stage programmes started at the age of 12 in 1963... a tabla maestro who learnt initial music from his illustrious father Ustad Alla Rakha...a winner of a long list of awards, including the Padma Shri in 1988, Padma Bhushan in 2002 and Grammy Award in 2009...a phenomenon in the field of percussion who has collaborated and performed with international artistes."

The Saturday evening at Bhaini Sahib turned into a musical repast for the soul as Ustad Zakir Hussain, accompanied by Ajay Joglekar on harmonium started with 'Upaj' and went on to play 'kaydas' from the Punjab Gharana. "There's an apocryphal tale about the journey of 'bandish' from Punjab to Benaras (Varanasi) through Delhi and Lucknow as part of a gift to a son-in-law. It accounts for the similarity in the 'bandish' of Punjab and Benaras Gharanas," said the maestro.

As the evening drew to a close, Zakir Hussain's tabla produced the sounds of 'damru' and conch.

ਨਾਮਧਾਰੀ ਸੰਗਤ ਦਿੱਲੀ ਨੇ ਬਸੰਤ ਪੰਚਮੀ ਦਾ ਸਮਾਗਮ ਸ਼ਰਧਾਪੂਰਵਕ ਮਨਾਇਆ

ਸਤਿਗੁਰੂ ਰਾਮ ਸਿੰਘ ਜੀ ਦੇ ਸਿਧਾਂਤਾਂ 'ਤੇ ਸਾਨੂੰ ਪਹਿਰਾ ਦੇਣ ਦੀ ਲੋੜ : ਸਤਿਗੁਰੂ ਉਦੇ ਸਿੰਘ



ਦਿੱਲੀ ਵਿਖੇ ਮਨਾਏ ਬਸੰਤ ਪੰਚਮੀ ਮੇਲੇ 'ਤੇ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ 'ਚ ਰਾਗੀ ਸਿੰਘ ਕੀਰਤਨ ਕਰਦੇ ਹੋਏ।

ਲੁਧਿਆਣਾ (ਪ. ਪ.) : ਜੰਗ-ਏ-ਆਜ਼ਾਦੀ ਦੇ ਮੋਢੀ ਨਾ ਮਿਲਵਰਤਨ ਲਹਿਰ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਦੇ 199ਵੇਂ ਪ੍ਰਕਾਸ਼ ਪੁਰਬ 'ਤੇ ਨਾਮਧਾਰੀ ਸੰਗਤ ਦਿੱਲੀ ਨੇ ਨਾਮਧਾਰੀ ਸੰਪਰਦਾਇ ਦੇ ਮੁਖੀ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਛਤਰਛਾਇਆ ਹੇਠ ਦਿੱਲੀ ਵਿਖੇ ਬਸੰਤ ਪੰਚਮੀ ਦਾ ਮੇਲਾ ਸ਼ਰਧਾਪੂਰਵਕ ਕਰਵਾਇਆ। ਸਵੇਰੇ ਆਸਾ ਦੀ ਵਾਰ ਦਾ ਕੀਰਤਨ ਰਾਗੀ ਹਰਬੰਸ ਸਿੰਘ ਘੁੱਲਾ ਦੇ ਜੱਥੇ ਨੇ ਛੇੜੀ ਸਾਜ਼ਾਂ ਨਾਲ ਕੀਤਾ। ਉਪਰੰਤ ਹਜ਼ੂਰੀ ਕਥਾ ਵਾਚਕ ਸੰਤ ਨਿਸ਼ਾਨ ਸਿੰਘ ਨੇ ਕਥਾ ਕਰਦਿਆਂ ਦੱਸਿਆ ਕਿ ਕਿਸ ਤਰ੍ਹਾਂ ਸਤਿਗੁਰੂ ਰਾਮ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਦਾ ਪ੍ਰਚਾਰ ਕੀਤਾ ਤੇ ਲੱਖਾਂ ਸੰਗਤਾਂ ਨੂੰ ਗੁਰਸਿੱਖ ਬਣਾਇਆ। ਹਜ਼ਾਰਾਂ ਦੀ ਗਿਣਤੀ 'ਚ ਪੁੱਜੀਆਂ ਸੰਗਤਾਂ ਨੂੰ ਪਵਿੱਤਰ ਉਪਦੇਸ਼ ਦਿੰਦਿਆਂ ਸਤਿਗੁਰੂ ਉਦੇ ਸਿੰਘ ਜੀ ਨੇ ਆਖਿਆ, "ਸਤਿਗੁਰੂ ਰਾਮ ਸਿੰਘ ਜੀ ਨੇ ਸਾਨੂੰ ਉਚਾ-ਸੁੱਚਾ ਜੀਵਨ ਜੀਣ ਦੀ ਜਾਚ ਸਿਖਾਈ। ਉਨ੍ਹਾਂ ਜਿੱਥੇ ਭਾਰਤ ਨੂੰ ਆਜ਼ਾਦੀ ਦਿਵਾਈ, ਉਥੇ ਸਾਨੂੰ ਨਾਮ ਜਪਣ ਤੇ ਕਿਰਤ ਕਰਨ ਦੀ ਜਾਚ ਸਿਖਾਈ। ਅੱਜ ਇੱਥੇ ਨੌਜਵਾਨਾਂ ਨੇ ਬੜੀ ਸ਼ਰਧਾ ਨਾਲ ਸੰਗਤ ਦੀ ਸੇਵਾ ਕੀਤੀ ਹੈ, ਸਭ ਵਧਾਈ ਦੇ ਪਾਤਰ ਹਨ। ਸਤਿਗੁਰੂ ਜੀ ਸਭ 'ਤੇ ਗੁਰਸਿੱਖੀ ਦੀ ਬਖਸ਼ਿਸ਼ ਕਰਨ। ਇਸ ਮੌਕੇ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 10 ਸਹਿਜ ਪਾਠਾਂ ਦੇ ਭੋਗ ਪਾਏ। ਇਸ ਮੌਕੇ 'ਤੇ ਬੋਲਦਿਆਂ 'ਆਮ ਆਦਮੀ ਪਾਰਟੀ' ਦੇ ਨੇਤਾ ਗੋਪਾਲ ਰਾਏ ਨੇ ਆਖਿਆ ਕਿ ਇੰਡੀਆ ਗੇਟ ਉਪਰ ਸਤਿਗੁਰੂ ਰਾਮ ਸਿੰਘ ਜੀ ਦਾ ਨਾਮ ਸੁਨਹਿਰੀ ਅੱਖਰਾਂ 'ਚ ਲਿਖਣਾ ਚਾਹੀਦਾ ਹੈ। ਇਸ ਮੌਕੇ 'ਤੇ ਐਮ. ਪੀ. ਮਹਾਬਲ, ਮਿਸਰਾ, ਦਿੱਲੀ ਵਿਧਾਨ ਸਭਾ ਦੇ ਵਿਧਾਇਕ ਮਨਜਿੰਦਰ ਸਿਰਸਾ, ਵਿਧਾਇਕ ਜਰਨੈਲ ਸਿੰਘ, ਵਿਧਾਇਕ ਸੁਭਾਸ਼ ਸਚਦੇਵਾ, ਵਿਧਾਇਕ ਹਰੀ ਨਗਰ ਤੇ ਨੈਸ਼ਨਲ ਕਮਿਸ਼ਨ ਫਾਰ ਮਨੌਰਟੀ ਦੇ ਚੇਅਰਮੈਨ ਵਜਾਹਤ ਹਬੀਬੁੱਲਾ ਨੇ ਵੀ ਸੰਬੋਧਨ ਕੀਤਾ। ਆਈਆਂ ਸੰਗਤਾਂ ਦਾ ਧੰਨਵਾਦ ਨਾਮਧਾਰੀ ਦਰਬਾਰ ਦੇ ਪ੍ਰਧਾਨ ਐਚ. ਐਸ. ਹੰਸਪਾਲ ਨੇ ਕੀਤਾ। ਇਸ ਮੌਕੇ 'ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪੰਜ ਮੈਂਬਰ ਸਾਹਿਬਾਨ ਤੋਂ ਇਲਾਵਾ ਬੀਬੀ ਗੁਰਸ਼ਰਨ ਕੌਰ, ਸੇਵਕ ਕਰਤਾਰ ਸਿੰਘ, ਸੇਵਕ ਸਤਨਾਮ ਸਿੰਘ, ਸੂਬਾ ਸੁਖਦੇਵ ਸਿੰਘ ਦਿੱਲੀ, ਸੂਬਾ ਅਰਵਿੰਦ ਸਿੰਘ, ਸੰਤ ਸਾਧਾ ਸਿੰਘ, ਸਕੱਤਰ ਹਰਪਾਲ ਸਿੰਘ ਦਿੱਲੀ ਤੇ ਰਛਪਾਲ ਸਿੰਘ ਮੌਜੂਦ ਸਨ। ਪ੍ਰੈਸ ਸਕੱਤਰ ਲਖਵੀਰ ਸਿੰਘ ਬੱਦੋਵਾਲ ਨੇ ਦੱਸਿਆ ਕਿ ਪੂਰਾ ਫਰਵਰੀ ਮਹੀਨਾ ਬਸੰਤ ਪੰਚਮੀ ਦੇ ਸਮਾਗਮ ਚੱਲਣਗੇ।



ਜਾਣਕਾਰੀ ਦਿੰਦੇ ਸੂਬਾ ਹਰਭਜਨ ਸਿੰਘ ਓਸਟਰ, ਨਾਲ ਕੋਚ ਰਛਪਾਲ ਸਿੰਘ, ਗੁਰਦੇਵ ਮੈਪਕੋ ਤੇ ਬਲਬੀਰ ਸਿੰਘ ਨਜ਼ਰ ਆ ਰਹੇ ਹਨ।

ਨਾਮਧਾਰੀ ਸੰਗਤ ਦਿੱਲੀ ਵੱਲੋਂ ਬਸੰਤ ਪੰਚਮੀ ਮੇਲਾ 9 ਨੂੰ ਮਨਾਇਆ ਜਾਵੇਗਾ

ਲੁਧਿਆਣਾ • ਗਰੇਵਾਲ

ਜੰਗ-ਏ-ਆਜ਼ਾਦੀ ਦੇ ਮੋਢੀ ਨਾ ਮਿਲਵਰਤਨ ਲਹਿਰ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਦੇ 199ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਾਮਧਾਰੀ ਸੰਪਰਦਾਇ ਦੇ ਮੁਖੀ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਛਤਰਛਾਇਆ ਹੇਠ ਜਿੱਥੇ 4 ਮਾਰਚ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਰਾਜ ਪੱਧਰੀ ਸਮਾਗਮ ਕਰਵਾਇਆ ਗਿਆ। ਉਥੇ ਦੇਸ਼-ਵਿਦੇਸ਼ 'ਚ ਵੀ ਸਤਿਗੁਰੂ ਜੀ ਦੀ ਬਖਸ਼ਿਸ਼ ਸਦਕਾ ਨਾਮਧਾਰੀ ਸੰਗਤ ਵੱਲੋਂ ਪੂਰਾ ਮਹੀਨਾ ਬਸੰਤ ਪੰਚਮੀ ਦੇ ਮੇਲੇ ਕਰਵਾਏ ਜਾਣਗੇ। ਨਾਮਧਾਰੀ ਸੰਗਤ ਦਿੱਲੀ ਵੱਲੋਂ ਬਸੰਤ ਪੰਚਮੀ ਦਾ ਸਮਾਗਮ 8-9 ਫਰਵਰੀ ਨੂੰ ਦਿੱਲੀ ਦੇ ਗੁਰੂ ਤੇਗ ਬਹਾਦਰ ਪਾਰਕ, ਸਰਸਵਤੀ ਗਾਰਡਨ ਵਿਖੇ ਸ਼ਰਧਾਪੂਰਬਕ ਮਨਾਇਆ ਜਾ ਰਿਹਾ ਹੈ। ਲੁਧਿਆਣਾ ਤੋਂ ਸੰਗਤਾਂ ਇਸ ਸਮਾਗਮ 'ਚ ਹੁੰਮ-ਹੁੰਮਾ ਕੇ ਪੁੱਜਣਗੀਆਂ। ਇਸ ਸੰਬੰਧੀ ਜਾਣਕਾਰੀ ਸੂਬਾ ਹਰਭਜਨ ਸਿੰਘ ਓਸਟਰ ਨੇ ਦਿੱਤੀ।

ਲੁਧਿਆਣਾ ਦੀ ਸੰਗਤ ਮੇਲੇ 'ਚ ਹੁੰਮ-ਹੁੰਮਾ ਕੇ ਪੁੱਜੇਗੀ : ਸੂਬਾ ਓਸਟਰ

ਸੇਵਕ ਸਤਨਾਮ ਸਿੰਘ, ਸਕੱਤਰ ਹਰਪਾਲ ਸਿੰਘ ਦਿੱਲੀ, ਕੋਚ ਰਛਪਾਲ ਸਿੰਘ ਤੇ ਗੁਰਦੇਵ ਸਿੰਘ ਮੈਪਕੋ ਨੇ ਦੱਸਿਆ ਕਿ 8 ਫਰਵਰੀ ਨੂੰ ਸਮਾਗਮ 4 ਤੋਂ 9 ਵਜੇ ਤੱਕ ਹੋਵੇਗਾ ਅਤੇ 9 ਫਰਵਰੀ ਸਵੇਰ 5 ਤੋਂ 9 ਵਜੇ ਤੱਕ ਹੋਵੇਗਾ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਛਤਰਛਾਇਆ ਹੇਠ ਹੋ ਰਹੇ ਇਸ ਸਮਾਗਮ ਵਿਚ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ 'ਚ ਸੰਗਤਾਂ ਪੁੱਜਣਗੀਆਂ। ਸਮਾਗਮ ਦੀਆਂ ਤਿਆਰੀਆਂ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀਆਂ ਹਨ। ਇਸ ਮੌਕੇ ਸੂਬਾ ਸੁਖਦੇਵ ਸਿੰਘ ਦਿੱਲੀ, ਸੇਵਕ ਕਰਤਾਰ ਸਿੰਘ, ਬਲਵੀਰ ਸਿੰਘ ਪ੍ਰਤਾਪ ਨਗਰ ਤੇ ਪ੍ਰੈਸ ਸਕੱਤਰ ਲਖਵੀਰ ਸਿੰਘ ਬੱਦੋਵਾਲ ਵੀ ਮੌਜੂਦ ਸਨ।

ਸਤਿਗੁਰੂ ਉਦੇ ਸਿੰਘ ਜੀ ਅੱਜ ਝੱਲ ਵਿਖੇ ਦਰਸ਼ਨ ਦੇਣਗੇ

ਲੁਧਿਆਣਾ, 15 ਫਰਵਰੀ (ਜ.ਬ.)— ਨਾਮਧਾਰੀ ਸੰਪਰਦਾਇ ਦੇ ਮੁਖੀ ਸ੍ਰੀ ਸਤਿਗੁਰੂ ਉਦੇ ਸਿੰਘ ਜੀ 16 ਫਰਵਰੀ ਦਿਨ ਐਤਵਾਰ ਨੂੰ ਸੰਗਰੂਰ ਜ਼ਿਲੇ ਦੇ ਪਿੰਡ ਝੱਲ ਵਿਖੇ ਸੰਤ ਜਗਤ ਸਿੰਘ ਖੰਡੂਵਾਲੀਏ ਦੀ ਯਾਦ ਵਿਚ ਹੋ ਰਹੇ ਸਮਾਗਮ ਵਿਚ ਦਰਸ਼ਨ ਦੇਣਗੇ। ਇਸ ਸਬੰਧੀ ਜਾਣਕਾਰੀ ਪ੍ਰੈੱਸ ਸਕੱਤਰ ਲਖਵੀਰ ਸਿੰਘ ਬੱਦੋਵਾਲ ਨੇ ਦਿੱਤੀ। ਬੱਦੋਵਾਲ ਨੇ ਦੱਸਿਆ ਕਿ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਨਾਮਧਾਰੀ ਪੰਥ ਦੀ ਵਾਗਡੋਰ ਸੰਭਾਲਣ ਤੋਂ ਬਾਅਦ ਪਿਛਲਾ ਪੂਰਾ ਸਾਲ ਪੂਰੇ ਵਿਸ਼ਵ ਦੇ ਕੋਨੇ-ਕੋਨੇ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ ਜਿਥੇ ਸਮ੍ਰਿਤੀ ਸਮਾਗਮ ਕਰਵਾਏ ਉਥੇ ਅਲੋਪ ਹੋ ਰਹੀ ਸੰਸਕ੍ਰਿਤੀ ਨੂੰ ਸੁਰਜੀਤ ਕਰਨ ਲਈ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਦੀ ਆਰੰਭਤਾ ਕੀਤੀ ਜਿਸ ਵਿਚ ਦੁਨੀਆ ਦੇ ਪ੍ਰਸਿੱਧ ਸੰਗੀਤਕਾਰ ਭਾਗ ਲੈਂਦੇ ਹਨ, ਜਿਥੇ ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਨਾਮਧਾਰੀ ਸੀਡਜ਼ ਦੇ ਬੀਜਾਂ ਦੀ ਕੌਮਾਂਤਰੀ ਮੰਡੀ ਵਿਚ ਆਪਣੀ ਵੱਖਰੀ ਪਛਾਣ ਹੈ, ਉਥੇ ਸਿਹਤ ਦੇ ਖੇਤਰ ਵਿਚ ਸਤਿਗੁਰੂ ਪ੍ਰਤਾਪ ਸਿੰਘ ਅਪੋਲੋ ਹਸਪਤਾਲ ਨਵੇਂ ਕੀਰਤੀਮਾਨ ਸਥਾਪਤ ਕਰ ਰਿਹਾ ਹੈ। ਅਲੋਪ ਹੋ ਰਹੀ ਕੌਮੀ ਖੇਡ ਹਾਕੀ ਨੂੰ ਪ੍ਰਫੁੱਲਤ ਕਰਨ ਲਈ ਸਤਿਗੁਰੂ ਜਗਜੀਤ ਸਿੰਘ ਯਾਦਗਾਰੀ ਹਾਕੀ ਟੂਰਨਾਮੈਂਟ ਵੀ ਆਰੰਭ ਕੀਤਾ ਹੈ। ਅੱਜ ਹੋ ਰਹੇ ਸਮਾਗਮ ਵਿਚ ਸਾਰਾ ਦਿਨ ਨਾਮ ਬਾਣੀ ਦੇ ਪ੍ਰਵਾਹ ਚੱਲਣਗੇ। ਇਸ ਮੌਕੇ ਸੰਤ ਹਰਭਜਨ ਸਿੰਘ ਤੇ ਸੂਬਾ ਬਲਵਿੰਦਰ ਸਿੰਘ ਵੀ ਮੌਜੂਦ ਸਨ।



ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ 'ਤੇ ਰਾਜ ਪੱਧਰੀ ਸਮਾਗਮ 4 ਨੂੰ

ਲੁਧਿਆਣਾ, 30 ਜਨਵਰੀ (ਜ. ਬ.)- ਦੇਸ਼ ਨੂੰ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਮੁਕਤ ਕਰਾਉਣ ਵਾਲੇ ਜੰਗ-ਏ-ਆਜ਼ਾਦੀ ਦੇ ਮੋਢੀ ਨਾਮਿਲਵਰਤਣ ਲਹਿਰ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਦੇ 199ਵੇਂ ਪ੍ਰਕਾਸ਼ ਪੁਰਬ ਦੇ ਮੌਕੇ 'ਤੇ ਰਾਜ ਪੱਧਰੀ ਸਮਾਗਮ ਨਾਮਧਾਰੀ ਸੰਪ੍ਰਦਾਇ ਦੇ ਮੁਖੀ ਸਤਿਗੁਰੂ ਉਦੇ ਸਿੰਘ ਜੀ ਦੀ ਛਤਰ-ਛਾਇਆ ਹੇਠ ਗੁਰਦੁਆਰਾ ਸ੍ਰੀ ਭੈਣੀ ਸਹਿਬ ਵਿਖੇ 4 ਫਰਵਰੀ, ਦਿਨ ਮੰਗਲਵਾਰ ਨੂੰ ਕਰਵਾਇਆ ਜਾ ਰਿਹਾ ਹੈ।



ਇਸ ਸੰਬੰਧੀ ਜਾਣਕਾਰੀ … ਸੰਤ ਸੁਰਿੰਦਰ ਸਿੰ… ਨਾਮਧਾਰੀ, ਸੰਤ ਬਲਦੇ… ਸਿੰਘ ਕਾਕੂ ਤੇ ਪ੍ਰੈੱਸ ਸਕੱਤਰ ਲਖਵੀਰ ਸਿੰਘ ਬੱਦੋਵਾਲ ਨੇ ਦਿੱਤੀ। ਸੰਤ ਨਾਮਧਾਰੀ ਨੇ ਦੱਸਿਆ ਕਿ ਜਿਥੇ ਸਤਿਗੁਰੂ ਰਾਮ ਸਿੰਘ ਜੀ ਨੇ ਸਾਨੂੰ ਵਡਮੁੱਲੀ ਆਜ਼ਾਦੀ ਦਿਵਾਈ, ਉਥੇ ਉਸ ਵੇਲੇ ਦੀਆਂ ਪ੍ਰਚੱਲਿਤ ਸਮਾਜਿਕ ਕੁਰੀਤੀਆਂ ਸਤੀ ਪ੍ਰਥਾ, ਦਾਜ ਪ੍ਰਥਾ, ਬਾਲ ਵਿਆਹ ਬੰਦ ਕਰਵਾਏ ਤੇ ਵਿਧਵਾ ਵਿਆਹ ਦੀ ਆਗਿਆ ਦਿੱਤੀ। ਸਤਿਗੁਰੂ ਜੀ ਵਲੋਂ ਚਲਾਏ ਕੂਕਾ ਅੰਦੋਲਨ ਤਹਿਤ ਮਾਲੇਰਕੋਟਲਾ ਵਿਖੇ 66 ਨਾਮਧਾਰੀ ਸਿੰਘਾਂ ਨੇ ਤੋਪਾਂ ਅੱਗੇ ਖਲੋ ਸ਼ਹਾਦਤਾਂ ਦਿੱਤੀਆਂ।

ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ 4, ਰਾਕੋਟ ਵਿਖੇ 3 ਅਤੇ ਲੁਧਿਆਣਾ ਵਿਖੇ 2 ਸਿੰਘਾਂ ਨੂੰ ਫਾਂਸੀਆਂ ਲਗਾ ਕੇ ਸ਼ਹੀਦ ਕੀਤਾ ਗਿਆ ਤੇ ਹਜ਼ਾਰਾਂ ਸਿੰਘਾਂ ਨੂੰ ਕਾਲੇ ਪਾਣੀਆਂ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ। 4 ਫਰਵਰੀ ਨੂੰ ਹੋ ਰਹੇ ਰਾਜ ਪੱਧਰੀ ਸਮਾਗਮ ਦੀ ਪ੍ਰਧਾਨਗੀ ਸਪੀਕਰ ਚਰਨਜੀਤ ਸਿੰਘ ਅਟਵਾਲ ਤੇ ਵਿਸ਼ੇਸ਼ ਮਹਿਮਾਨ ਵਜੋਂ ਕੈਬਨਿਟ ਮੰਤਰੀ ਸ਼ਰਨਜੀਤ ਸਿੰਘ ਢਿੱਲੋਂ ਪੁੱਜਣਗੇ। ਸਾਰਾ ਦਿਨ ਕਥਾ-ਕੀਰਤਨ ਤੇ ਨਾਮ ਬਾਣੀ ਦੇ ਪ੍ਰਵਾਹ ਚੱਲਣਗੇ।

सतगुरु राम सिंह जी सादा व गुरसिखी जीवन जीने का देते थे उपदेश : सतगुरु उदय सिंह जी

धूमधाम व श्रद्धाभाव के साथ सम्पन्न हुआ राज्य स्तरीय कार्यक्रम





कार्यक्रम में अरदास के दौरान खड़े सतगुरु उदय सिंह जी व अन्य तथा (दाएं) कार्यक्रम के दौरान पारम्परिक वाद्य यंत्रों से आसां दी वार करते रागी जत्था साथ में सतगुरु उदय सिंह जी।





कार्यक्रम के दौरान उपस्थित संगत तथा (दाएं) आनंदकारज के दौरान वैवाहिक जोड़े।

लुधियाना, 5 फरवरी (गुलाटी) : स्वतंत्रता संग्राम के अग्रणी प्रणेता श्री सतगुरु राम सिंह जी के 199वें प्रकाशोत्सव के मौके पर करवाए गए राज्य स्तरीय समागम का बुधवार को समापन हो गया। समारोह के अंतिम दिन प्रातःकाल पारम्परिक वाद्य यंत्रों के साथ सतगुरु उदय सिंह जी की उपस्थिति में आसा दी वार का कीर्तन रागी हरबंस सिंह, मोहन सिंह, अजय पाल सिंह व बलवंत सिंह के रागी जत्थों ने किया। इसके बाद विश्व शांति के लिए श्री गुरु ग्रंथ साहिब के साधारण पाठ के भोग डाले गए। समारोह के दौरान श्री सतगुरु राम सिंह जी के द्वारा चलाई गई आनंद मर्यादा अनुसार 7 जोड़ों के आनंद कारज किए गए। इस मौके पर सतगुरु उदय सिंह जी की सुपुत्री का आनंदकारज भी इसी सादे ढंग के साथ हुआ। प्रताप मंदिर में हजारों की गिनती में देश-विदेश से आई संगत से भरा हुआ था। समारोह के दौरान संगत ने सतगुरु जी के दर्शन कर अपना जीवन सफल किया। इस मौके सतगुरु उदय सिंह जी ने कहा कि सतगुरु राम सिंह जी द्वारा दर्शाए मार्ग पर चलते हुए सतगुरु जगजीत सिंह ने सभी को सादा व गुरसिखी जीवन जीने का उपदेश दिया। इस मौके पर माता चंद कौर जी, माता गुरशरण कौर जी, संत जगतार सिंह, बलदेव सिंह काकू, एच.एस. हंसपाल प्रधान नामधारी दरबार, सुरिन्द्र सिंह नामधारी उप प्रधान नामधारी दरबार, सूबा सतनाम सिंह आस्ट्रेलिया, सुरिन्द्र सिंह पनेसर, गुरदर्शन सिंह, गुरदेव सिंह चीमा, जत्थेदार अमरीक सिंह, संतोख सिंह लाडी, सूबा हरभजन सिंह ओस्टर, सुखविन्द्र सिंह लायल सचिव विश्व नामधारी विद्यक आदि उपस्थित थे।

ਪੰਜਾਬ ਨੂੰ ਨਸ਼ਾ-ਮੁਕਤ ਕਰਾਉਣ ਲਈ ਸਿਆਸੀ ਦਲ ਇਕਮੁੱਠ ਹੋਣ : ਸਤਿਗੁਰੂ ਉਦੈ ਸਿੰਘ

ਮਹਾਨਗਰ ਪੁੱਜਣ 'ਤੇ ਸਤਿਗੁਰੂ ਜੀ ਦਾ ਭਰਵਾਂ ਸਵਾਗਤ

ਲੁਧਿਆਣਾ, 3 ਮਈ (ਜ.ਬ.)—ਪੰਜਾਬ ਦੀ ਪਵਿੱਤਰ ਧਰਤੀ 'ਤੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ। ਭਾਰਤ ਨੂੰ ਆਜ਼ਾਦ ਕਰਾਉਣ ਲਈ ਸਤਿਗੁਰੂ ਰਾਮ ਸਿੰਘ ਜੀ ਨੇ ਕੂਕਾ ਅੰਦੋਲਨ ਚਲਾਇਆ, ਜਿਸ ਦੇ ਤਹਿਤ ਮਾਲੇਰਕੋਟਲਾ ਵਿਖੇ 66 ਨਾਮਧਾਰੀ ਸਿੰਘਾਂ ਨੂੰ ਤੋਪਾਂ ਨਾਲ ਉਡਾ ਕੇ ਸ਼ਹੀਦ ਕੀਤਾ ਗਿਆ। ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਚਾਰ, ਰਾਏਕੋਟ ਵਿਖੇ ਤਿੰਨ ਤੇ ਲੁਧਿਆਣਾ ਵਿਖੇ ਦੋ ਨਾਮਧਾਰੀ ਸਿੰਘਾਂ ਨੂੰ ਫਾਂਸੀ ਦੇ ਕੇ ਸ਼ਹੀਦ ਕੀਤਾ ਗਿਆ। ਅੱਜ ਦੀ ਨੌਜਵਾਨ ਪੀੜ੍ਹੀ ਨਸ਼ਿਆਂ ਦੀ ਗੁਲਾਮ ਹੁੰਦੀ ਜਾ ਰਹੀ ਹੈ।



ਮਹਾਨਗਰ ਪੁੱਜਣ 'ਤੇ ਸਤਿਗੁਰੂ ਉਦੈ ਸਿੰਘ ਜੀ ਦਾ ਸਵਾਗਤ ਕਰਦੇ ਚੇਅਰਮੈਨ ਲਖਵਿੰਦਰ ਢੰਡੇ, ਨਾਲ ਜਥੇ. ਅਵਤਾਰ ਸਿੰਘ ਨਜ਼ਰ ਆ ਰਹੇ ਹਨ।

ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਬਚਾਉਣ ਅਤੇ ਪੰਜਾਬ ਨੂੰ ਨਸ਼ਾ-ਮੁਕਤ ਕਰਾਉਣ ਲਈ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਇਕਮੁੱਠ ਹੋਣ।

ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਨਾਮਧਾਰੀ ਸੰਪਰਦਾਇ ਦੇ ਮੁਖੀ ਸਤਿਗੁਰੂ ਉਦੈ ਸਿੰਘ ਜੀ ਨੇ ਮਹਾਨਗਰ ਪੁੱਜਣ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਮਹਾਨਗਰ ਪੁੱਜਣ 'ਤੇ ਵੱਡੀ ਗਿਣਤੀ ਵਿਚ ਪੁੱਜੀਆਂ ਸੰਗਤਾਂ ਨੇ ਸਤਿਗੁਰੂ ਜੀ ਦਾ ਭਰਵਾਂ ਸਵਾਗਤ ਕੀਤਾ। ਸਤਿਗੁਰੂ ਜੀ ਨੇ ਸੰਗਤਾਂ ਦੀ ਬੇਨਤੀ ਪ੍ਰਵਾਨ ਕਰਦਿਆਂ ਬਸੰਤ ਐਵੇਨਿਊ, ਸਾਊਥ ਸਿਟੀ, ਸ਼ਿਮਲਾਪੁਰੀ, ਨਿਊ ਜਨਤਾ ਨਗਰ, ਸਤਿਗੁਰੂ ਨਗਰ, ਈਸ਼ਰ ਸਿੰਘ ਕਾਲੋਨੀ, ਲੁਹਾਰਾ, ਬਚਿੱਤਰ ਨਗਰ ਤੇ ਜਗਦੇਵ ਨਗਰ ਦੇ ਸੈਂਕੜੇ ਪਰਿਵਾਰਾਂ ਦੇ ਗ੍ਰਹਿਆਂ ਵਿਖੇ ਚਰਨ ਪਾ ਕੇ ਖੁਸ਼ੀਆਂ ਬਖਸ਼ੀਆਂ।

ਸਤਿਗੁਰੂ ਜੀ ਨੇ ਰੋਜ਼ਾਨਾ ਸੰਗਤਾਂ ਨੂੰ ਹਰ ਜੀਅ ਪ੍ਰਤੀ ਇਕ ਘੰਟਾ ਨਾਮ ਸਿਮਰਨ ਕਰਨ ਦਾ ਉਪਦੇਸ਼ ਕੀਤਾ। ਸੰਤ ਬਲਦੇਵ ਸਿੰਘ ਕਾਕੂ, ਸਕੱਤਰ ਗੁਰਮੁਖ ਸਿੰਘ ਰਹਿਬਰ ਤੇ ਪ੍ਰੈੱਸ ਸਕੱਤਰ ਲਖਵੀਰ ਸਿੰਘ ਬੱਦੋਵਾਲ ਨੇ ਦੱਸਿਆ ਕਿ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਵਿੱਦਿਅਕ ਜਥੇ ਦਾ ਸਾਲਾਨਾ ਸੰਮੇਲਨ ਜੂਨ ਮਹੀਨੇ 'ਚ ਕਰਵਾਇਆ ਜਾਵੇਗਾ। ਇਸ ਮੌਕੇ ਸੂਬਾ ਬਲਵਿੰਦਰ ਝੱਲ, ਚੇਅਰਮੈਨ ਲਖਵਿੰਦਰ ਢੰਡੇ, ਜਥੇ. ਅਵਤਾਰ ਸਿੰਘ, ਗਿਆਨੀ ਜੁਗਿੰਦਰ ਸਿੰਘ, ਜੇ. ਪੀ. ਸਿੰਘ, ਅਮਰ ਗਿੱਲ, ਕਾਕਾ ਕੰਗ, ਜੱਗੀ ਸਿਬੀਆ, ਬਲਵੀਰ ਸਿੰਘ ਪ੍ਰਤਾਪ ਨਗਰ, ਜਸਵੀਰ ਸਿੰਘ ਤੇ ਗੁਰਮੀਤ ਪਨੇਸਰ ਵੀ ਮੌਜੂਦ ਸਨ।

4 ਮਈ, 2014, ਐਤਵਾਰ

Television

ਚੈਨਲ Programmes

ਗੁਰਬਾਣੀ ਕੀਰਤਨ



ਹਰਿਮੰਦਰ

ਪ੍ਰਾਈਮ Time

ਡੀ. ਡੀ. ਨੈਸ਼ਨਲ

8.00 ਰੰਗੋਲੀ, 9.00 ਚੁਲਬੁਲੀ ਫਿਲਮੇਂ ਚਟਪਟੀ ਗਪਸ਼ਪ, 10.00 ਚਾਣਕਿਆ, 10.30 ਸਾਰੇ ਜਹਾਂ ਸੇ ਅੱਛਾ ਹਮਾਰਾ ਫੌਜੀ, 17.30 ਸਪੋਰਟਸ ਡਾਈਜੈਸਟ,

ਦਸਮੇਸ਼ ਪਿਤਾ ਨੇ ਸਰਬੰਸ ਵਾਰ ਕੇ ਸਿੱਖੀ ਦਾ ਬੂਟਾ ਲਗਾਇਆ : ਸਤਿਗੁਰੂ ਉਦੇ ਸਿੰਘ

ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਵਿਸਾਖੀ ਪੁਰਬ ਸ਼ਰਧਾ ਪੂਰਵਕ ਮਨਾਇਆ





ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿਚ ਦੀਵਾਨ ਲਗਾਉਂਦਾ ਸੰਤ ਨਿਸ਼ਾਨ ਸਿੰਘ ਤੇ ਅਰਦਾਸ ਵਿਚ ਸ਼ਾਮਲ ਸੰਗਤਾਂ।

ਲੁਧਿਆਣਾ, 13 ਅਪ੍ਰੈਲ (ਜ.ਬ.)-ਖਾਲਸੇ ਦਾ ਜਨਮ ਦਿਹਾੜਾ ਵਿਸਾਖੀ ਪੁਰਬ ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਛਤਰ-ਛਾਇਆ ਹੇਠ ਸੰਗਤਾਂ ਨੇ ਸ਼ਰਧਾ ਪੂਰਵਕ ਮਨਾਇਆ। ਸਵੇਰੇ ਆਸਾ ਜੀ ਦੀ ਵਾਰ ਦਾ ਕੀਰਤਨ ਜਥੇਦਾਰ ਜਸਵੀਰ ਸਿੰਘ ਸ਼ਿਮਲਾਪੁਰੀ ਵਾਲਿਆਂ ਦੇ ਜਥੇ ਨੇ ਕੀਤਾ। ਉਪਰੰਤ ਜਥੇਦਾਰ ਨਿਸ਼ਾਨ ਸਿੰਘ ਦਿੱਲੀ ਵਾਲਿਆਂ ਨੇ ਦੀਵਾਨ ਦੀ ਸ਼ੁਰੂਆਤ 'ਸਿੱਖੀ ਵਾਲਾ ਬੂਟਾ ਲਾਇਆ ਪੁੱਤਰਾਂ ਨੂੰ ਵਾਰ ਕੇ' ਨਾਲ ਸ਼ੁਰੂ ਕੀਤਾ ਤੇ ਸੰਗਤਾਂ ਨੂੰ ਗੁਰੂ ਇਤਿਹਾਸ ਨਾਲ ਜੋੜਿਆ। ਇਸ ਪਵਿੱਤਰ ਦਿਹਾੜੇ 'ਤੇ ਸਤਿਗੁਰੂ ਉਦੇ ਸਿੰਘ ਜੀ ਨੇ ਆਖਿਆ ਕਿ ਪੂਰੀ ਦੁਨੀਆ ਵਿਚ ਸਾਡੇ ਸਿੱਖੀ ਸਰੂਪ ਦੀ ਸਰਦਾਰੀ ਦੀ ਵੱਖਰੀ ਪਛਾਣ ਹੈ। ਅਸੀਂ ਦਸਮੇਸ਼ ਪਿਤਾ ਸ੍ਰੀ ਗੋਬਿੰਦ ਸਿੰਘ ਜੀ ਦੇ ਉਪਦੇਸ਼ਾਂ ਤੋਂ ਮੁਨਕਰ ਹੁੰਦੇ ਜਾ ਰਹੇ ਹਾਂ। ਇਸ ਸਿੱਖੀ ਦਾ ਬੂਟਾ ਲਗਾਉਣ ਲਈ ਸਤਿਗੁਰੂ ਜੀ ਨੇ ਆਪਣਾ ਪੂਰਾ ਸਰਬੰਸ ਵਾਰ ਦਿੱਤਾ। ਸਾਨੂੰ ਆਪਣੇ ਬੱਚਿਆਂ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀਆਂ ਕਹਾਣੀਆਂ ਸੁਣਾਉਣੀਆਂ ਚਾਹੀਦੀਆਂ ਹਨ।

ਇਸ ਪਵਿੱਤਰ ਦਿਹਾੜੇ 'ਤੇ ਸਤਿਗੁਰੂ ਉਦੇ ਸਿੰਘ ਜੀ ਨੇ ਸੰਗਤਾਂ ਨੂੰ ਆਪਣੇ ਪਵਿੱਤਰ ਹਸਤਕਮਲਾਂ ਨਾਲ ਬੂੰਦੀ ਦਾ ਪ੍ਰਸ਼ਾਦ ਵੰਡਿਆ। ਇਸ ਮੌਕੇ ਸੰਤ ਬਲਦੇਵ ਸਿੰਘ ਕਾਕੂ, ਸੰਤ ਸੁਰਿੰਦਰ ਸਿੰਘ ਨਾਮਧਾਰੀ, ਗੁਰਮੁਖ ਸਿੰਘ ਰਹਿਬਰ, ਸੇਵਕ ਕਰਤਾਰ ਸਿੰਘ, ਸੇਵਕ ਸਤਨਾਮ ਸਿੰਘ, ਸੂਬਾ ਬਲਵਿੰਦਰ ਝੱਲ, ਸੂਬਾ ਹਰਭਜਨ ਸਿੰਘ, ਗਿਆਨੀ ਜੋਗਿੰਦਰ ਸਿੰਘ, ਤਰਲੋਚਨ ਸਿੰਘ ਮਠਾੜੂ, ਪ੍ਰਧਾਨ ਸੁਖਜੀਤ ਕੌਰ, ਸਰਪੰਚ ਕਰਮ ਸਿੰਘ , ਕਾਕਾ ਕੰਗ, ਬਲਵੀਰ ਸਿੰਘ ਤੇ ਪ੍ਰੈੱਸ ਸਕੱਤਰ ਲਖਵੀਰ ਬੱਦੋਵਾਲ ਵੀ ਮੌਜੂਦ ਸਨ।

ਕੂਕਾ ਅੰਦੋਲਨ ਨੂੰ ਸਮਰਪਿਤ ਡਾਕ ਟਿਕਟ ਜਲਦ ਜਾਰੀ ਹੋਵੇਗੀ : ਨਾਮਧਾਰੀ

ਲੁਧਿਆਣਾ, 21 ਫਰਵਰੀ (ਜ. ਬ.)– ਜੰਗ-ਏ-ਆਜ਼ਾਦੀ ਦੇ ਮੋਢੀ, ਨਾ ਮਿਲਵਰਤਣ ਲਹਿਰ ਦੇ ਬਾਨੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਦੇਸ਼ ਨੂੰ ਆਜ਼ਾਦ ਕਰਾਉਣ ਲਈ ਚਲਾਏ ਕੂਕਾ ਅੰਦੋਲਨ ਤਹਿਤ ਮਾਲੇਰਕੋਟਲਾ ਵਿਖੇ 66 ਨਾਮਧਾਰੀ ਸਿੰਘਾਂ ਨੂੰ ਤੋਪਾਂ ਨਾਲ ਉਡਾ ਕੇ ਸ਼ਹੀਦ ਕੀਤਾ ਗਿਆ। ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ 4, ਰਾਏਕੋਟ ਵਿਖੇ 3 ਅਤੇ ਲੁਧਿਆਣਾ ਵਿਖੇ 2 ਨਾਮਧਾਰੀ ਸਿੰਘਾਂ ਨੂੰ ਫਾਂਸੀਆਂ ਦੇ ਕੇ ਸ਼ਹੀਦ ਕੀਤਾ ਗਿਆ।



ਪੰਜਾਬ ਸਰਕਾਰ ਵਲੋਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਜਿਥੇ 2007 ਵਿਚ ਕੂਕਾ ਅੰਦੋਲਨ ਦੀ 150ਵੀਂ ਵਰ੍ਹੇਗੰਢ ਪੰਜਾਬ ਦੇ ਕੋਨੇ-ਕੋਨੇ ਵਿਚ ਬ੍ਰਹਮਲੀਨ ਸਤਿਗੁਰੂ ਜਗਜੀਤ ਸਿੰਘ ਜੀ ਦੇ ਆਸ਼ੀਰਵਾਦ ਸਦਕਾ ਮਨਾਈ ਗਈ, ਉਥੇ ਕੂਕਾ ਅੰਦੋਲਨ ਨੂੰ ਸਮਰਪਿਤ ਡਾਕ ਟਿਕਟ ਜਾਰੀ ਕਰਾਉਣ ਲਈ ਐੱਮ. ਪੀ. ਅਵਿਨਾਸ਼ ਰਾਏ, ਐੱਮ. ਪੀ. ਸੁਖਦੇਵ ਸਿੰਘ ਢੀਂਡਸਾ ਤੇ ਐੱਮ. ਪੀ. ਇੰਦਰ ਸਿੰਘ ਨਾਮਧਾਰੀ ਵਲੋਂ ਮਾਣਯੋਗ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਪੱਤਰ ਵੀ ਦਿੱਤਾ ਗਿਆ, ਜਿਸ ਨੂੰ ਪ੍ਰਵਾਨਗੀ 18.2.14 ਨੂੰ ਮਿਲ ਚੁੱਕੀ ਹੈ। ਇਸ ਸੰਬੰਧੀ ਜਾਣਕਾਰੀ ਕੂਕਾ ਸ਼ਹੀਦ ਯਾਦਗਾਰੀ ਟਰੱਸਟ ਦੇ ਵਾਈਸ ਚੇਅਰਮੈਨ ਸੁਰਿੰਦਰ ਸਿੰਘ ਨਾਮਧਾਰੀ ਨੇ ਦਿੱਤੀ। ਇਸ ਮੌਕੇ ਪ੍ਰੈੱਸ ਸਕੱਤਰ ਲਖਵੀਰ ਸਿੰਘ ਬੱਦੋਵਾਲ ਨੇ ਦੱਸਿਆ ਕਿ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਕ੍ਰਿਪਾ ਸਦਕਾ ਇਹ ਟਿਕਟ ਜਲਦ ਰਿਲੀਜ਼ ਹੋਵੇਗੀ।





ਸਤਿਗੁਰੂ ਉਦੇ ਸਿੰਘ ਜੀ ਰਾਗ ਰਤਨਾਵਲੀ ਨੂੰ ਰਿਲੀਜ਼ ਕਰਦੇ ਹੋਏ, ਨਾਲ ਜੈ ਸਿੰਘ ਨਜ਼ਰ ਆ ਰਹੇ ਹਨ ਤੇ ਨਾਮ ਸਿਮਰਨ ਕਰਦੀਆਂ ਸੰਗਤਾਂ।

ਸ੍ਰੀ ਭੈਣੀ ਸਾਹਿਬ ਹੋਲੇ-ਮਹੱਲੇ ਦੇ ਤੀਜੇ ਦਿਨ ਲੱਖਾਂ ਸੰਗਤਾਂ ਹੋਈਆਂ ਨਤਮਸਤਕ

ਰਾਗ ਰਤਨਾਵਲੀ ਸਮੇਤ ਤਿੰਨ ਕਿਤਾਬਾਂ ਨੂੰ ਸਤਿਗੁਰੂ ਉਦੇ ਸਿੰਘ ਜੀ ਨੇ ਕੀਤਾ ਰਿਲੀਜ਼

ਲੁਧਿਆਣਾ, 18 ਮਾਰਚ (ਜ. ਬ.)- ਜੰਗ-ਏ-ਅਜ਼ਾਦੀ ਦੇ ਮੋਢੀ ਨਾ-ਮਿਲਵਰਤਨ ਲਹਿਰ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਦੀ ਤਪ ਭੂਮੀ ਸ੍ਰੀ ਭੈਣੀ ਸਾਹਿਬ ਵਿਖੇ ਨਾਮਧਾਰੀ ਸੰਪਰਦਾਇ ਦੇ ਮੁਖੀ ਸਤਿਗੁਰੂ ਉਦੇ ਸਿੰਘ ਜੀ ਦੀ ਛਤਰ-ਛਾਇਆ ਹੇਠ ਚੱਲ ਰਹੇ ਹੋਲੇ-ਮਹੱਲੇ ਤ੍ਰਿਵੇਣੀ ਪੁਰਬ ਦੇ ਤੀਜੇ ਦਿਨ ਦੇਸ਼-ਵਿਦੇਸ਼ਾਂ 'ਚੋਂ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਨੇ ਪੁੱਜ ਕੇ ਨਾਮ ਬਾਣੀ ਦਾ ਲਾਹਾ ਲਿਆ। ਅੱਜ ਸਵੇਰੇ ਆਸਾ ਜੀ ਦੀ ਵਾਰ ਦਾ ਕੀਰਤਨ ਮਾਸਟਰ ਦਰਸ਼ਨ ਸਿੰਘ ਦੇ ਜਥੇ ਨੇ ਕੀਤਾ। ਉਪਰੰਤ ਜਥੇਦਾਰ ਕੁਲਦੀਪ ਸਿੰਘ, ਜਥੇ. ਸੁਖਵੰਤ ਸਿੰਘ, ਜਥੇ. ਬਲਵਿੰਦਰ ਸਿੰਘ ਤੇ ਜਥੇ. ਸੂਬਾ ਅਜੀਤ ਸਿੰਘ ਬਟਾਲਾ ਨੇ ਨਾਮਧਾਰੀ ਪੁਰਾਤਨ ਪਰੰਪਰਾ ਅਨੁਸਾਰ ਢੋਲਕੀਆਂ-ਛੈਣਿਆਂ ਨਾਲ ਹੱਲੇ ਦਾ ਦੀਵਾਨ ਲਗਾਇਆ। ਦੁਪਹਿਰ ਦੇ ਨਿਤਨੇਮ ਦੌਰਾਨ ਸੰਗਤਾਂ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਟੇਪ ਰਿਕਾਰਡ ਰਾਹੀਂ ਪਵਿੱਤਰ ਉਪਦੇਸ਼ ਸਰਵਣ ਕੀਤਾ। ਨਿਤਨੇਮ ਦੌਰਾਨ ਸਤਿਗੁਰੂ ਉਦੇ ਸਿੰਘ ਜੀ ਨੇ ਸੰਗਤਾਂ ਨੂੰ ਨੂਰਾਨੀ ਦਰਸ਼ਨ ਦਿਤੇ।

ਇਸ ਮੌਕੇ 'ਤੇ ਸਰਵਸ਼੍ਰੀ ਜੈ ਸਿੰਘ, ਸੰਤ ਤਰਨਜੀਤ ਸਿੰਘ ਤੇ ਰਾਗੀ ਬਲਵੰਤ ਸਿੰਘ ਨੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸਮਰਪਿਤ ਰਾਗ ਰਤਨਾਵਲੀ ਦੀ ਡੀ. ਵੀ. ਡੀ. ਸਤਿਗੁਰੂ ਉਦੇ ਸਿੰਘ ਜੀ ਨੂੰ ਭੇਟ ਕੀਤੀ, ਜਿਸ ਨੂੰ ਸਤਿਗੁਰੂ ਜੀ ਨੇ ਰਿਲੀਜ਼ ਕੀਤਾ। ਇਸ ਤੋਂ ਇਲਾਵਾ ਕਵੀਸ਼ਰ ਗੁਰਸੇਵਕ ਢਿੱਲੋਂ ਦੀ ਪੂਰਨ ਭਗਤ ਤੇ ਬੀਬੀ ਰਜਿੰਦਰ ਕੌਰ ਪਨੂੰ ਦੀਆਂ ਕਵਿਤਾਵਾਂ ਦੀ ਬੁੱਕ ਨੂੰ ਵੀ ਰਿਲੀਜ਼ ਕੀਤਾ।

ਇਸ ਮੌਕੇ ਸੇਵਕ ਹਰਪਾਲ ਸਿੰਘ ਨੇ ਦੱਸਿਆ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ 'ਚ ਆਉਂਦਾ ਹੈ ਕਿ ਹਰ ਸਿੱਖ ਦੇ ਬੱਚੇ 'ਚੋਂ ਰਾਗ ਦੀ ਖੁਸ਼ਬੂ ਆਉਣੀ ਚਾਹੀਦੀ ਹੈ ਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਵਿਸ਼ਵ ਭਰ 'ਚ ਅਨੇਕਾਂ ਸੰਗੀਤਕਾਰ ਬਣਾ ਦਿਤੇ ਤੇ ਸਰਦਾਰਾਂ ਨੂੰ ਸੁਰਦਾਰ ਬਣਾ ਦਿਤਾ।

ਇਸ ਮੌਕੇ ਸੀ. ਮੀਤ ਪ੍ਰਧਾਨ ਸੁਰਿੰਦਰ ਸਿੰਘ ਨਾਮਧਾਰੀ, ਐਮ. ਪੀ. ਅਵਿਨਾਸ਼ ਰਾਏ ਖੰਨਾ, ਵਿਧਾਇਕ ਗੁਰਕੀਰਤ ਕੋਟਲੀ ਤੇ ਵਿਧਾਇਕ ਨਵਤੇਜ ਚੀਮਾ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਸਤਿਗੁਰੂ ਜੀ ਨੇ ਪਹਿਲਵਾਨ ਰਾਜਬੀਰ ਸਿੰਘ, ਰਾਗੀ ਸੁਰਜੀਤ ਐਲਖ, ਰਾਗੀ ਮੋਹਨ ਤੇ ਤਾਨਸੈਨ ਅਵਾਰਡੀ ਰਾਗੀ ਹਰਬੰਸ ਘੁੱਲਾ ਨੂੰ ਸਨਮਾਨਤ ਕੀਤਾ। ਇਸ ਮੌਕੇ ਵਿਸ਼ਵ ਨਾਮਧਾਰੀ ਵਿੱਦਿਅਕ ਜਥੇ ਵਲੋਂ ਚਿੱਤਰ ਪ੍ਰਦਰਸ਼ਨੀ ਤੇ ਇਤਿਹਾਸਕ ਦਸਤਾਵੇਜ਼ੀ ਫ਼ਿਲਮ ਦਿਖਾਈ ਗਈ। ਸਤਿਗੁਰੂ ਪ੍ਰਤਾਪ ਸਿੰਘ ਅਪੋਲੋ ਹਸਪਤਾਲ ਵਲੋਂ ਫ੍ਰੀ ਮੈਡੀਕਲ ਕੈਂਪ ਲਗਾਇਆ ਹੋਇਆ ਸੀ। ਹੋਲੇ-ਮਹੱਲੇ ਦਾ ਅਲੌਕਿਕ ਨਜ਼ਾਰਾ ਤਾਂ ਦੇਖਿਆ ਹੀ ਬਣਦਾ ਸੀ। ਹਰ ਪਾਸੇ ਸੰਗਤਾਂ ਦਾ ਸੈਲਾਬ ਨਜ਼ਰ ਆ ਰਿਹਾ ਸੀ ਜਿਵੇਂ ਧਰਤੀ 'ਤੇ ਕੋਈ ਸਫੇਦ ਚਾਦਰ ਵਿਛਾਈ ਹੋਵੇ। ਹਰ ਕੋਈ ਬੱਚਾ, ਜਵਾਨ ਤੇ ਬੁੱਢੇ ਦੇ ਹੱਥਾਂ 'ਚ ਚਿੱਟੀਆਂ ਉੱਨ ਦੀਆਂ ਮਲਾਵਾਂ ਤੇ ਪੈਰਾਂ 'ਚ ਲੱਕੜ ਦੀਆਂ ਖੜਾਵਾਂ ਪਾਈ ਸਿਮਰਨ 'ਚ ਲੀਨ ਸਨ। ਇਸ ਮੌਕੇ ਮਾਤਾ ਚੰਦ ਕੌਰ ਜੀ ਤੇ ਬੀਬੀ ਗੁਰਸ਼ਰਨ ਕੌਰ ਜੀ ਸੰਗਤਾਂ ਨਾਲ ਲੰਗਰ ਦੀ ਸੇਵਾ ਕਰ ਰਹੇ ਸਨ। ਇਸ ਮੌਕੇ ਸੰਤ ਜਗਤਾਰ ਸਿੰਘ, ਸੰਤ ਬਲਦੇਵ ਕਾਕੂ, ਮਾਨਵਜੀਤ ਗਿੱਲ, ਐਚ. ਐਸ. ਹੰਸਪਾਲ, ਗੁਰਮੁਖ ਸਿੰਘ ਰਹਿਬਰ, ਸੇਵਕ ਕਰਤਾਰ ਸਿੰਘ, ਸੇਵਕ ਸਤਨਾਮ ਸਿੰਘ ਤੇ ਪ੍ਰੈੱਸ ਸਕੱਤਰ ਲਖਵੀਰ ਬੱਦੋਵਾਲ ਵੀ ਮੌਜੂਦ ਸਨ।



ਪਿੰਡ ਸੈਦੋਕੇ ਵਿਖੇ ਆਜ਼ਾਦੀ ਘੁਲਾਟੀਏ ਸੂਬਾ ਮਾਨ ਸਿੰਘ ਦੀ ਯਾਦ ਵਿਚ ਕਰਵਾਏ ਸਮਾਗਮ ਦੌਰਾਨ ਸਤਿਗੁਰੂ ਉਦੈ ਸਿੰਘ ਅਤੇ ਹੋਰ। ਤਸਵੀਰ: ਬਿਲਾਸਪੁਰ

ਅਜ਼ਾਦੀ ਘੁਲਾਟੀਏ ਸੂਬਾ ਮਾਨ ਸਿੰਘ ਦੀ ਯਾਦ 'ਚ ਵਿਸ਼ਾਲ ਸਮਾਗਮ

ਨਿਹਾਲ ਸਿੰਘ ਵਾਲਾ, 24 ਮਾਰਚ (ਬਿਲਾਸਪੁਰ)-ਅੰਗਰੇਜ਼ ਹਕੂਮਤ ਖਿਲਾਫ ਲੋਹਾ ਲੈਣ ਵਾਲੇ ਅਜ਼ਾਦੀ ਘੁਲਾਟੀਏ ਸੂਬਾ ਮਾਨ ਸਿੰਘ ਦੀ ਯਾਦ ਵਿਚ ਪਿੰਡ ਸੈਦੋਕੇ ਵਿਖੇ ਸੂਬਾ ਮਾਨ ਸਿੰਘ ਯਾਦਗਰੀ ਸਮਾਰਕ ਵਿਚ ਦੋ ਦਿਨਾਂ ਸ਼ਹੀਦੀ ਸਮਾਗਮ ਕਰਵਾਇਆ ਗਿਆ। ਜਿਸ ਦੌਰਾਨ ਨਾਮਧਾਰੀ ਸੰਪਰਦਾਇ ਦੇ ਮੁਖੀ ਸਤਿਗੁਰ ਉਦੈ ਸਿੰਘ ਉਚੇਚੇ ਤੌਰ 'ਤੇ ਪੁੱਜੇ। ਉਨ੍ਹਾਂ ਦੱਸਿਆ ਕਿ ਸੂਬਾ ਮਾਨ ਸਿੰਘ ਉਹ ਅਜ਼ਾਦੀ ਘੁਲਾਟੀਏ ਸਨ ਜਿਨ੍ਹਾਂ ਸਤਿਗੁਰੂ ਰਾਮ ਸਿੰਘ ਵੱਲੋਂ ਅੰਗਰੇਜ਼ ਹਕੂਮਤ ਖਿਲਾਫ ਅਰੰਭੇ ਅਜ਼ਾਦੀ ਸੰਘਰਸ਼ ਦੌਰਾਨ ਵਡਮੁੱਲਾ ਯੋਗਦਾਨ ਪਾਇਆ। ਇਸ ਸਮੇਂ ਸੇਵਕ ਹਰਪਾਲ ਸਿੰਘ, ਵਾਈਸ ਚੇਅਰਮੈਨ ਸੰਤ ਸੁਰਿੰਦਰ ਸਿੰਘ ਲੁਧਿਆਣਾ, ਡਾ: ਲਖਵੀਰ ਸਿੰਘ ਤੇ ਕਾਮਰੇਡ ਸਵਰਨ ਸਿੰਘ ਵਿਰਕ ਆਦਿ ਨੇ ਵੀ ਸੰਬੋਧਨ ਕੀਤਾ। ਇਸ ਸਮੇਂ ਜਥੇਦਾਰ ਪ੍ਰੀਤਮ ਸਿੰਘ ਅਤੇ ਗੁਰਸੇਵਕ ਸਿੰਘ ਦੇ ਕਵੀਸ਼ਰੀ ਜਥਿਆਂ ਵੱਲੋਂ ਕਵੀਸ਼ਰੀ ਦੀਆਂ ਵੰਨਗੀਆਂ ਅਤੇ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ। ਇਸ ਮੌਕੇ ਸੱਘੜ ਸਿੰਘ, ਸੰਤ ਧਰਮ ਦਾਸ, ਸਰਪੰਚ ਜਗਦੇਵ ਸਿੰਘ, ਬੀਬੀ ਗੁਰਸ਼ਰਨ ਕੌਰ, ਸੰਤ ਜੋਰਾ ਸਿੰਘ ਨਾਮਧਾਰੀ, ਸੂਬਾ ਰੇਸ਼ਮ ਸਿੰਘ ਕੈਨੇਡਾ, ਬਲਵਿੰਦਰ ਸਿੰਘ, ਲਖਵੀਰ ਸਿੰਘ ਨਾਮਧਾਰੀ, ਪ੍ਰਧਾਨ ਸੰਤ ਹਰਦੇਵ ਸਿੰਘ ਰਾਮਪੁਰਾ ਫੂਲ, ਕਰਮਜੀਤ ਕੁਮਾਰ, ਸੰਤ ਸੁਰਿੰਦਰ ਰਣਜੀਤ ਸਿੰਘ ਅਤੇ ਧਰਮ ਸਿੰਘ ਆਦਿ ਹਾਜ਼ਰ ਸਨ।


'Parties should work against drug menace'

HT Correspondent
ludhiana@hindustantimes.com

LUDHIANA: Namdhari sect head Satguru Uday Singh appealed to political parties to be united against the drug menace in Punjab, on Saturday.

During his visit to various areas of the city where Namdhari followers reside, Singh said, "Drug menace is the biggest problem of the state and the youth are increasingly falling prey to it. So a four-day seminar on gurbani will be held from June 14 to 17 at Sri Bhai Sahib.

Hundreds of students and artistes will participate at the events. Painting and gurbani-recital competitions will also be held."



Satguru Uday Singh, Namdhari sect head





ਵਿਸਾਖੀ ਪੁਰਬ 'ਤੇ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ 'ਚ ਕੀਰਤਨ ਕਰਦੇ ਰਾਗੀ ਸਿੰਘ, ਨਾਮ ਸਿਮਰਨ ਕਰਦੀਆਂ ਸੰਗਤਾਂ।

ਵਿਸਾਖੀ ਪੁਰਬ 'ਤੇ ਹਜ਼ਾਰਾਂ ਸੰਗਤਾਂ ਕੀਤਾ ਸ੍ਰੀ ਭੈਣੀ ਸਾਹਿਬ ਦੇ ਰਾਮ ਸਰੋਵਰ 'ਚ ਇਸ਼ਨਾਨ

ਡਿਪਟੀ ਸੀ. ਐਮ. ਸੁਖਬੀਰ ਬਾਦਲ ਨੇ ਲਿਆ ਸਤਿਗੁਰੂ ਉਦੇ ਸਿੰਘ ਜੀ ਤੋਂ ਅਸ਼ੀਰਵਾਦ

ਲੁਧਿਆਣਾ • ਲਖਬੀਰ ਸਿੰਘ ਬੱਦੋਵਾਲ

ਜੰਗ-ਏ-ਆਜ਼ਾਦੀ ਦੇ ਮੋਢੀ ਨਾ ਮਿਲਵਰਤਨ ਲਹਿਰ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਦੀ ਤਪ ਭੂਮੀ 'ਤੇ ਨਾਮਧਾਰੀ ਸੰਗਤਾਂ ਦੇ ਪ੍ਰਮੁੱਖ ਤੀਰਥ ਅਸਥਾਨ ਸ੍ਰੀ ਭੈਣੀ ਸਾਹਿਬ ਵਿਖੇ ਖਾਲਸੇ ਦਾ ਜਨਮ

ਕੂਕਾ ਅੰਦੋਲਨ ਨੂੰ ਸਮਰਪਿਤ ਪੰਜ ਰੁਪਏ ਦਾ ਸਿੱਕਾ ਜਾਰੀ

ਦਿਹਾੜਾ ਵਿਸਾਖੀ ਪੁਰਬ ਨਾਮਧਾਰੀ ਸੰਪਰਦਾਇ ਦੇ ਮੁੱਖੀ ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨੁਮਾਈ ਹੇਠ ਸ਼ਰਧਾ ਪੂਰਵਕ ਮਨਾਇਆ ਗਿਆ। ਸਵੇਰੇ ਆਸਾ ਜੀ ਦੀ ਵਾਰ ਦੇ ਕੀਰਤਨ ਉਪਰੰਤ ਜੱਥੇ ਕਮਾਲ ਸਿੰਘ, ਸੰਤ ਨਿਸਾਨ ਸਿੰਘ ਤੇ ਜੱਥੇ. ਸੁਰਜੀਤ ਸਿੰਘ ਬਰਨਾਲਾ ਨੇ ਹੱਲੇ ਦਾ ਦੀਵਾਨ ਨਾਮਧਾਰੀ ਪਰੰਪਰਾ ਅਨੁਸਾਰ ਢੋਲੀਆਂ ਛੈਣਿਆ ਨਾਲ ਲਗਾਇਆ। ਦੁਪਹਿਰ ਦੇ ਨਿਤਨੇਮ ਦੌਰਾਨ ਸੰਗਤਾਂ ਨੇ ਬ੍ਰਹਮਲੀਨ ਸਤਿਗੁਰੂ ਜਗਜੀਤ ਸਿੰਘ ਜੀ ਦੇ ਟੇਪ ਉਪਦੇਸ਼ ਸਰਵਨ ਕੀਤੇ



ਸਤਿਗੁਰੂ ਉਦੇ ਸਿੰਘ ਜੀ ਦੇ ਆਸ਼ੀਰਵਾਦ ਪ੍ਰਾਪਤ ਕਰਦੇ ਡਿਪਟੀ ਸੀ. ਐਮ. ਸੁਖਬੀਰ ਬਾਦਲ, ਨਾਲ ਹਨ ਸ਼ਰਨਜੀਤ ਢਿੱਲੋਂ।

ਦੁਪਹਿਰ ਦਾ ਕੀਰਤਨ ਰਾਗੀ ਹਰਬੰਸ ਸਿੰਘ ਘੁੱਲਾ ਤੇ ਰਾਗੀ ਮੋਹਨ ਦੇ ਜੱਥੇ ਨੇ ਤੰਤੀ ਸਾਜਾ ਰਾਹੀਂ ਕੀਤਾ ਇਸ ਮੌਕੇ 'ਤੇ ਹਜਾਰਾਂ ਦੀ ਗਿਣਤੀ ਵਿੱਚ ਪੁੱਜੀਆਂ ਸੰਗਤਾਂ ਨੇ ਪਵਿੱਤਰ ਰਾਮ ਸਰੋਵਰ ਵਿੱਚ ਇਸ਼ਨਾਨ ਕੀਤਾ ਸੰਗਤਾਂ ਨੂੰ ਉਪਦੇਸ਼ ਦਿੰਦਿਆ ਸਤਿਗੁਰੂ ਉਦੇ ਸਿੰਘ ਜੀ ਨੇ ਆਖਿਆ ਨੌਜਵਾਨ ਪੀੜ੍ਹੀ ਪਤਿਤਪੁਣੇ ਵੱਲ ਵਧ ਰਹੀ ਹੈ। ਇਹ ਗੁਰਸਿੱਖੀ ਦੀ ਦਾਤ ਦਸਮੇਸ਼ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਨੇ ਸਰਬੰਸ ਵਾਰ ਕੇ ਬਖਸ਼ੀ ਹੈ। ਸਤਿਗੁਰੂ ਜੀ ਨੇ ਹਰ ਜੀਅ ਪ੍ਰਤੀ ਰੋਜ਼ਾਨਾ ਇਕ ਘੰਟਾ ਨਾਮ ਸਿਮਰਨ ਕਰਨ ਲਈ ਆਖਿਆ ਇਸ ਮੌਕੇ ਸਤਿਗੁਰੂ ਜੀ ਨੇ ਕੂਕਾ ਅੰਦੋਲਨ ਨੂੰ ਸਮਰਪਿਤ ਪੰਜ ਰੁਪਏ ਦੇ ਸਿੱਕੇ ਜਾਰੀ ਕੀਤੇ। ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸਤਿਗੁਰੂ ਜੀ ਪਾਸੋਂ ਅਸ਼ੀਰਵਾਦ ਪ੍ਰਾਪਤ ਕੀਤਾ। ਸ. ਬਾਦਲ ਨੇ ਆਖਿਆ ਸਾਡੇ ਪਰਿਵਾਰ ਦੀ ਨਾਮਧਾਰੀ ਸੰਪਰਦਾਇ ਨਾਲ ਪੁਰਾਣੀ ਸਾਂਝ ਹੈ ਸਾਨੂੰ ਹਮੇਸ਼ਾ ਹੀ ਸਤਿਗੁਰੂ ਜੀ ਪਾਸੋਂ ਅਸ਼ੀਰਵਾਦ ਮਿਲਿਆ ਹੈ। ਮੇਲੇ ਦੀ ਸਮਾਪਤੀ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦੇ 15 ਸਹਿਜ ਪਾਠਾਂ ਦੇ ਭੋਗ ਪਾਏ ਗਏ ਤੇ ਸੰਤ ਬਲਦੇਵ ਸਿੰਘ ਕਾਕੂ, ਸ੍ਰੀ ਜੈ ਸਿੰਘ, ਸੰਤ ਸੁਰਿੰਦਰ ਸਿੰਘ ਨਾਮਧਾਰੀ, ਸੇਵਕ ਕਰਤਾਰ ਸਿੰਘ, ਸੇਵਕ ਸਤਨਾਮ ਸਿੰਘ, ਪ੍ਰਧਾਨ ਗੁਰਦੀਪ ਸਿੰਘ ਕੋਠਾ ਗੁਰੂ, ਸੇਵਕ ਕੇਸਰ ਸਿੰਘ, ਡਾ. ਹਿਰਦੂ, ਤਰਲੋਚਨ ਸਿੰਘ ਮਠਾੜੂ, ਅਮਰ ਗਿੱਲ, ਕਾਕਾ ਕੰਗ, ਬਲਵੀਰ ਸਿੰਘ, ਜੱਗੀ ਸਿਬੀਆ, ਸੁੱਖਾ ਮਠਾੜੂ, ਗੁਰਚਰਨ ਗੋਹਲੀ ਤੇ ਪ੍ਰੈਸ ਸਕੱਤਰ ਲਖਵੀਰ ਬੱਦੋਵਾਲ ਵੀ ਹਾਜ਼ਰ ਸਨ।

सतगुरु जगजीत सिंह संगीत सम्मेलन में पधारे प्रसिद्ध संगीतज्ञ

'दैनिक सवेरा' के मुख्य सम्पादक श्री शीतल विज ने लिया श्री सतगुरु उदय सिंह जी से आशीर्वाद







श्री सतगुरु जगजीत सिंह जी का चित्र, (मध्य) श्री सतगुरु उदय सिंह जी से भेंट करते श्री शीतल विज जी, साथ हैं सूबा हरभजन सिंह तथा (दाएं) प्रस्तुति देते कलाकार। (मनीष)

लुधियाना, 9 नवंबर (गुलाटी) : गुरमति संगीत के संस्थापक श्री सतगुरु नानक देव जी तथा भारतीय शास्त्री संगीत व गुरमति संगीत के संरक्षक श्री सतगुरु जगजीत सिंह जी के प्रकाश पर्व पर नामधारी सम्प्रदाय के प्रमुख स्थान श्री भैणी साहिब में मौजूदा श्री सतगुरु उदय सिंह जी की अध्यक्षता में तीसरे सतगुरु जगजीत सिंह संगीत सम्मेलन के दूसरे दिन कई प्रसिद्ध कलाकारों ने अपनी प्रस्तुति दी। समारोह में 'दैनिक सवेरा' के मुख्य सम्पादक श्री शीतल विज जी विशेष तौर पर उपस्थित हुए। इस दौरान उन्होंने श्री सतगुरु उदय सिंह जी से मुलाकात की तथा उनसे आशीर्वाद लिया। समारोह की शुरुआत अवतार कौर के गायन के साथ हुई। उनका साथ हार्मोनियम पर ठाकुर सिंह तथा तबले पर साहिब अजयपाल सिंह ने दिया। इसके बाद पंडित राम नारायण जी के शागिर्द सुरजीत सिंह सारंगी वादन कर समय बांध दिया। उनके बाद दिलरुबा पर उनके शागिर्द कृपाल सिंह पनेसर इंगलैंड से तथा गुरतेज सिंह तबला और कंवलजीत कौर ने तानपुरे पर साथ दिया। तंती साजों की लयकारी तथा तबले की थाप में सारा माहौल संगीतमयी हो गया था। अंत में विश्व प्रसिद्ध सितार वादक इटावा घराने के उस्ताद शाहिद परवेज तथा उनके साथ पंजाब घराने के पखावजी और बनारस घराने के मशहूर तबला वादक उस्ताद सुखविन्द्र सिंह पिंकी नामधारी की जुगलबंदी ने सारे माहौल को संगीतमय बना दिया। प्रवास मंदिर में हजारों की गिनती में बैठे संगीत प्रेमी संगीत का आनंद ले रहे थे। अंत में सभी कलाकारों को श्री सतगुरु उदय सिंह जी ने आशीर्वाद दिया। इस मौके पर सतगुरु उदय सिंह जी ने कहा कि सतगुरु जगजीत सिंह जी ने गुरमति संगीत तथा भारतीय शास्त्री संगीत की संभाल कर पंजाब में ऐसे कलाकार तैयार कर दुनिया के नक्शे पर लाए, जिनका खानदानी कोई ताल्लुक भी नहीं था। संगीत की दुनिया के साथ उनकी परम्परा को आगे बढ़ाते हुए मौजूदा नामधारी मुखी सतगुरु उदय सिंह जी ने संगीत सम्मेलन की कड़ी पंजाब की धरती पर शुरू कर दी है। वर्णनीय है कि पिछले वर्ष तबला वादक उस्ताद जाकिर हुसैन इस सम्मेलन में विशेष तौर पर आए थे। समारोह में मंच संचालन अजीत सिंह लायल ने किया। इस मौके पर श्री माता चंद कौर जी, बीबी गुरशरण कौर, संत जगतार सिंह, संत सुरजीत सिंह नामधारी सारंगी वादक, नामधारी सुरिन्द्र सिंह छिंदा महासचिव नामधारी संगत जालंधर तथा कन्वीनर नामधारी विद्यक जत्था जालंधर जोन, सूबा हरभजन सिंह लुधियाना, जै सिंह, काकू जी, रागी बलवंत सिंह, हरबंस सिंह, सुरिन्द्र सिंह नामधारी, संतोख सिंह, सूबा रेशम सिंह, जगदीप सिंह अबोलो, सुखविन्द्र सिंह लायल सचिव विश्व नामधारी विद्यक जत्था आदि उपस्थित थे।







सम्मेलन दौरान उपस्थिति में बैठे श्री शीतल विज व अन्य संगीत प्रेमी, (मध्य) सम्मेलन दौरान प्रस्तुति देते कलाकार तथा (दाएं) सम्मेलन दौरान उपस्थित संगीत प्रेमी। (मनीष)



ਸਿਰਸਾ ਵਿਖੇ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਕੀਰਤਨ ਕਰਦੇ ਹਜ਼ੂਰੀ ਰਾਗੀ ਹਰਬੰਸ ਸਿੰਘ ਘੁੱਲਾ ਤੇ ਹੋਰ।


ਈਰਖਾ ਦਵੈਸ਼ ਦੇ ਖ਼ਾਤਮੇ ਲਈ ਇੱਕ ਘੰਟਾ ਨਾਮ ਸਿਮਰਨ ਤੇ ਲੋੜਵੰਦਾਂ ਦੀ ਮੱਦਦ ਕਰਿਆ ਕਰੋ : ਸਤਿਗੁਰੂ ਉਦੇ ਸਿੰਘ

04.11.14 (ਲੁਧਿਆਣਾ) ਬੱਦੋਵਾਲ

ਅਟੱਲ ਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਰੋਸਾਏ ਹੋਏ ਨਗਰ ਜੀਵਨ ਨਗਰ ਸੰਤ ਨਗਰ ਦੀਆਂ ਸੰਗਤਾਂ ਦੀ ਬੇਨਤੀ ਪ੍ਰਵਾਨ ਕਰਦਿਆਂ ਨਾਮਧਾਰੀ ਮੁਖੀ ਸਤਿਗੁਰੂ ਉਦੇ ਸਿੰਘ ਜੀ ਅੱਜ ਦੋ ਦਿਨਾ ਦੌਰੇ 'ਤੇ ਪੁੱਜੇ। ਸਿਰਸਾ ਵਿਖੇ ਪ੍ਰੋਫੈਸਰ ਰਾਜਵੰਤ ਸਿੰਘ ਵੱਲੋਂ ਕਰਵਾਏ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਸਮਾਗਮ 'ਚ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ। ਭੰਗੂੜ ਵਿਖੇ ਸੰਗਤਾਂ ਨੂੰ ਪਵਿੱਤਰ ਉਪਦੇਸ਼ ਦਿੰਦਿਆਂ ਸਤਿਗੁਰੂ ਉਦੇ ਸਿੰਘ ਜੀ ਨੇ ਕਿਹਾ ਕਿ ਨਾਮ ਸਿਮਰਨ ਕਰਨ ਨਾਲ ਮਨਾਂ 'ਚੋਂ ਈਰਖਾ-ਦਵੈਸ਼ ਖ਼ਤਮ ਹੁੰਦੀ ਹੈ। ਉਨ੍ਹਾਂ ਹਰ ਜੀਅ ਪ੍ਰਤੀ ਰੋਜ਼ਾਨਾ ਇੱਕ ਘੰਟਾ ਨਾਮ ਸਿਮਰਨ ਤੇ ਲੋੜਵੰਦਾਂ ਦੀ ਮੱਦਦ ਕਰਨ ਲਈ ਆਖਿਆ। ਸੰਤ ਬਲਦੇਵ ਸਿੰਘ ਕਾਕੂ, ਸੇਵਕ ਕਰਤਾਰ ਸਿੰਘ ਤੇ ਪ੍ਰੈੱਸ ਸਕੱਤਰ ਲਖਵੀਰ ਸਿੰਘ ਬੱਦੋਵਾਲ ਨੇ ਦੱਸਿਆ ਕਿ ਗੋਪਾਲ ਰਤਨ ਸਤਿਗੁਰੂ ਜਗਜੀਤ ਸਿੰਘ ਜੀ ਦੇ 95ਵੇਂ ਪ੍ਰਕਾਸ਼ ਪੁਰਬ ਤੇ ਵਿਸ਼ਵ ਨਾਮਧਾਰੀ ਸੰਗਤ ਵੱਲੋਂ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਤੀਸਰਾ ਸਤਿਗੁਰੂ ਜਗਜੀਤ ਸਿੰਘ ਸੰਗੀਮ ਸੰਮੇਲਨ 8-9 ਨਵੰਬਰ ਨੂੰ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਵਿਸ਼ਵ ਦੇ ਪ੍ਰਸਿੱਧ ਸੰਗੀਤਕਾਰ ਪੁੱਜ ਰਹੇ ਹਨ। ਚੇਅਰਮੈਨ ਹਰਮੀਤ ਸਿੰਘ, ਪ੍ਰਧਾਨ ਧਿਆਨ ਸਿੰਘ ਮੁਕਤਾ ਤੇ ਕਨਵੀਨਰ ਗੁਰਮੀਤ ਸਿੰਘ ਚਾਨਾ ਨੇ ਦੱਸਿਆ ਕਿ ਸਤਿਗੁਰੂ ਜੀ 5 ਨਵੰਬਰ ਨੂੰ ਕੋਟਲੀ, ਕਰੀਵਾਲਾ ਤੇ ਸੰਤ ਨਗਰ ਵਿਖੇ ਦਰਸ਼ਨ ਦੇਣਗੇ। ਇਸ ਮੌਕੇ ਸੇਵਕ ਸਤਨਾਮ ਸਿੰਘ, ਬਲਵਿੰਦਰ ਸਿੰਘ ਮੁਕਤਾ, ਅਮਰ ਗਿੱਲ, ਕਾਕਾ ਕੰਗ ਤੇ ਜਗਦੀਪ ਸਿਬੀਆ ਵੀ ਮੌਜੂਦ ਸਨ।

ਸਤਿਗੁਰੂ ਜੀ ਅੱਜ ਕੋਟਲੀ, ਕਰੀਵਾਲਾ ਤੇ ਸੰਤ ਨਗਰ 'ਚ ਦਰਸ਼ਨ ਦੇਣਗੇ : ਹਰਮੀਤ, ਮੁਕਤਾ

ਸ੍ਰੀ ਭੈਣੀ ਸਾਹਿਬ ਵਿਖੇ ਹੋਏ ਸ਼ਤਾਬਦੀ ਸਮਾਗਮ ਦੇ ਮੁੱਖ ਅੰਸ਼ ਡੀ. ਡੀ. ਪੰਜਾਬੀ 'ਤੇ ਅੱਜ



ਲੁਧਿਆਣਾ, 18 ਫਰਵਰੀ (ਜ. ਬ.)—ਆਜ਼ਾਦੀ ਸੰਗ੍ਰਾਮ ਦੇ ਮੋਢੀ ਸਤਿਗੁਰੂ ਰਾਮ ਸਿੰਘ ਜੀ ਦੀ ਦੂਸਰੀ ਪ੍ਰਕਾਸ਼ ਸ਼ਤਾਬਦੀ ਦੀ ਵਰ੍ਹੇਗੰਢ 'ਤੇ 12 ਫਰਵਰੀ ਨੂੰ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿਚ ਸ੍ਰੀ ਭੈਣੀ ਸਾਹਿਬ ਵਿਖੇ ਹੋਏ ਸਮਾਗਮ ਦੇ ਮੁੱਖ ਅੰਸ਼ ਡੀ. ਡੀ. ਪੰਜਾਬੀ 'ਤੇ ਸ਼ੁੱਕਰਵਾਰ ਨੂੰ ਰਾਤ 9.15 ਵਜੇ ਦਿਖਾਏ ਜਾਣਗੇ ਤੇ ਏ. ਪਲੱਸ ਚੈਨਲ (ਫਾਸਟ ਵੇਅ 'ਤੇ 68 ਨੰਬਰ) 'ਤੇ ਐਤਵਾਰ 21 ਫਰਵਰੀ ਨੂੰ ਸ਼ਾਮ 6.20 'ਤੇ ਦਿਖਾਏ ਜਾਣਗੇ। ਇਸ ਸੰਬੰਧੀ ਜਾਣਕਾਰੀ ਵਿਸ਼ਵ ਨਾਮਧਾਰੀ ਸੰਗਤ ਦੇ ਪ੍ਰਧਾਨ ਸੁਰਿੰਦਰ ਸਿੰਘ ਨਾਮਧਾਰੀ, ਡਾ. ਗੁਰਸੇਵ ਸਿੰਘ ਤੇ ਪ੍ਰੈੱਸ ਸਕੱਤਰ ਲਖਵੀਰ ਬੱਦੋਵਾਲ ਨੇ ਦਿੱਤੀ।